ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਦੂਜਾ **ਲੋਕ ਪ੍ਰਸ਼ਾਸ਼ਨ**

ਪੇਪਰ : (ਵਿੱਤੀ ਪ੍ਰਸ਼ਾਸ਼ਨ) **ਸਮੈਸਟਰ ਚੌਥਾ**

ਮੀਡੀਅਮ : ਪੰਜਾਬੀ **ਯੂਨਿਟ : 2**

ਪਾਠ ਨੰ.

2.1 : ਸੰਘੀ ਵਿੱਤ ਮੰਤਰਾਲਾ

2.2 : ਵਿੱਤ ਕਮਿਸ਼ਨ

2.3 : ਵਿੱਤ ਉਪਰ ਸੰਸਦੀ ਨਿਯੰਤਰਣ ਅਤੇ ਸੰਸਦੀ ਵਿੱਤੀ ਕਮੇਟੀਆਂ

2.4 : ਕੰਪਟਰੋਲਰ ਅਤੇ ਆਡੀਟਰ ਜਨਰਲ ਆਫ਼ ਇੰਡੀਆ

2.5 : ਕੇਂਦਰ – ਰਾਜਾ ਦਰਮਿਆਨ ਵਿੱਤੀ ਸਬੰਧ

Department website : www.pbidde.org

ਪਾਠ ਨੰ. : 2.1 **ਅਨੁਵਾਦਕ ਕਰਤਾ : ਕਿਟੀ ਕੁਮਾਰੀ**

ਸੰਘੀ ਵਿੱਤ ਮੰਤਰਾਲਾ-ਸੰਗਠਨ, ਕਾਰਜ ਅਤੇ ਭੂਮਿਕਾ

ਕੇਂਦਰ ਸਰਕਾਰ ਦੇ ਮੰਤਰਾਲਿਆਂ ਵਿੱਚ ਵਿੱਤ ਮੰਤਰਾਲੇ ਦੀ ਬਹੁਤ ਜ਼ਿਆਦਾ ਮਹੱਤਤਾ ਹੈ। ਇਸ ਮੰਤਰਾਲੇ ਦਾ ਦੂਸਰੇ ਸਾਰੇ ਮੰਤਰਾਲਿਆਂ ਤੇ ਕੰਟਰੋਲ ਰਹਿੰਦਾ ਹੈ। ਦੇਸ਼ ਦੀ ਵਿੱਤ ਵਿਵਸਥਾ ਦਾ ਨਿਰਮਾਣ ਇਸ ਮੰਤਰਾਲੇ ਦੁਆਰਾ ਹੀ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਰਾਸ਼ਟਰੀ ਖਜਾਨੇ ਦਾ ਰਖਿਅਕ ਵੀ ਹੈ।

ਇਤਿਹਾਸਕ ਪਿਛੋਕੜ (Historical Background) :- ਭਾਰਤ ਵਿੱਚ 1810 ਈ: ਵਿੱਚ ਇਸ ਮੰਤਰਾਲੇ ਦਾ ਆਰੰਭ ਹੋਇਆ ਜਦੋਂ ਈਸਟ ਇੰਡੀਆ ਕੰਪਨੀ ਦੀ ਕੇਂਦਰੀ ਸਰਕਾਰ ਨੇ ਇੱਕ ਵਿਭਾਗ ਦੀ ਸ਼ਾਖਾ ਵੱਜੋਂ ਇਸਦੀ ਸਥਾਪਨਾ ਕੀਤੀ ਅਤੇ 1843 ਵਿੱਚ ਇਸਨੂੰ ਪੂਰੇ ਵਿਭਾਗ ਵਿੱਚ ਹੀ ਤਬਦੀਲ ਕਰ ਦਿੱਤਾ ਗਿਆ। ਇਸ ਵਿਭਾਗ ਦਾ ਮੁੱਖ ਕਾਰਜ ਸਰਕਾਰ ਦੇ ਦੂਜੇ ਵਿਭਾਗਾਂ ਅਤੇ ਦੇਸ਼ ਦੀ ਅਰਥ-ਵਿਵਸਥਾ ਤੇ ਨਿਯੰਤਰਣ ਰੱਖਣਾ ਸੀ ਤਾਂ ਜੋ ਭਾਰਤ ਵਿੱਚ ਬਰਤਾਨਵੀ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ। ਇਸ ਸੰਬੰਧੀ ਭਾਰਤ ਦੇ ਸਾਬਕਾ ਕੰਪਟਰੋਲਰ ਅਤੇ ਅਡੀਟਰ ਜਨਰਲ ਸ੍ਰੀ ਅਸ਼ੋਕ ਚੰਦਾ ਲਿਖਦੇ ਹਨ ਕਿ, "ਦਰਅਸਲ ਇਸਦੀ ਸਥਾਪਨਾ ਇੱਕ ਵਿਸ਼ੇਸ਼ ਵਿਭਾਗ ਵੱਜੋਂ ਕੀਤੀ ਗਈ ਅਤੇ ਜਿਸ ਨੂੰ ਵਿਸ਼ੇਸ਼ ਸ਼ਕਤੀਆਂ ਵੀ ਦਿੱਤੀਆਂ ਗਈਆਂ ਅਤੇ ਜਿਨ੍ਹਾਂ ਨੂੰ ਦੂਸਰੇ ਵਿਭਾਗਾਂ ਤੋਂ ਸਖਤੀ ਨਾਲ ਲਾਗੂ ਕੀਤਾ ਗਿਆ। ਬਰਤਾਨੀਆਂ ਕਾਲ ਦੇ ਦਿਨਾਂ ਵਿੱਚ ਵਿੱਤੀ ਨੀਤੀ ਦਾ ਨਿਰਮਾਣ ਬਰਤਾਨਵੀ ਵਪਾਰ ਅਤੇ ਉਦਯੋਗ ਦੇ ਵਿੱਤੀ ਅਤੇ ਆਰਥਿਕ ਹਿੱਤਾਂ ਦੀ ਸੁਰੱਖਿਆ ਲਈ ਕੀਤਾ ਜਾਂਦਾ ਸੀ ਅਤੇ ਬਰਤਾਨਵੀ ਸਾਮਰਾਜ ਦੀ ਅਰਥ -ਵਿਵਸਥਾ ਨੂੰ ਵਧੇਰੇ ਵਿਸਤ੍ਰਿਤ ਕਰਨ ਲਈ ਭਾਰਤੀ ਅਰਥ-ਵਿਵਸਥਾ ਨੂੰ ਪੂਰਕ ਦੇ ਤੌਰ ਤੇ ਕਾਇਮ ਕੀਤਾ ਜਾਂਦਾ ਸੀ।"

1919 ਦੇ ਮਾਨਟੈਗਿਊ-ਚੈਮਸਫੋਰਡ ਸੁਧਾਰਾਂ (Montague-Chemsford Reforms), ਅਧੀਨ ਕੇਂਦਰੀ ਅਤੇ ਪ੍ਰਾਂਤਕ ਵਿਧਾਨ ਮੰਡਲਾਂ ਦੀਆਂ ਸ਼ਕਤੀਆਂ ਵਿੱਚ ਵਾਧਾ ਕੀਤਾ ਗਿਆ ਜਿਸ ਅਧੀਨ ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਨੂੰ ਵਿੱਤੀ ਮਾਮਲਿਆਂ ਸੰਬੰਧੀ ਬਹਿਸ ਵਿੱਚ ਹਿੱਸਾ ਲੈਣ ਅਤੇ ਪ੍ਰਸ਼ਨ ਪੁੱਛਣ ਦਾ ਅਧਿਕਾਰ ਦਿੱਤਾ ਗਿਆ। 1935 ਦੇ ਭਾਰਤ ਸਰਕਾਰ ਐਕਟ (Government of India Act, 1935) ਦੇ ਅਧੀਨ ਪ੍ਰਾਂਤਾਂ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਦਾ ਅੰਤ ਕਰਕੇ ਕੇਂਦਰੀ ਪੱਧਰ ਤੇ ਇਸ ਪ੍ਰਣਾਲੀ ਦਾ ਆਰੰਭ ਕੀਤਾ ਗਿਆ ਜਿਸ ਅਨੁਸਾਰ ਵਿੱਤੀ ਵਿਭਾਗ ਗਵਰਨਰ ਜਨਰਲ ਦੇ ਕੰਟਰੋਲ ਅਧੀਨ ਰਖਿਆ ਗਿਆ। ਗਵਰਨਰ-ਜਨਰਲ ਨੂੰ ਉਸਦੇ ਵਿੱਤੀ ਮਾਮਲਿਆਂ ਦੇ ਸਲਾਹ ਦੇਣ ਲਈ ਇੱਕ ਵਿੱਤੀ ਸਲਾਹਕਾਰ (Financial Advisor) ਵੀ ਨਿਯੁਕਤ ਕੀਤਾ ਗਿਆ।

1946 ਵਿੱਚ ਜਦੋਂ ਕੇਂਦਰੀ ਪੱਤਰ ਤੇ ਅੰਤਰਿਮ ਸਰਕਾਰ (Interim Government) ਦੀ ਸਥਾਪਨਾ ਕੀਤੀ ਗਈ ਤਾਂ ਭਾਰਤ ਦਾ ਰਾਜ ਸਕੱਤਰ (Secretary of State for India) ਦੇ ਅਹੁਦੇ ਨੂੰ ਸਮਾਪਤ ਕਰ ਦਿੱਤਾ ਗਿਆ ਅਤੇ ਵਿੱਤ ਵਿਭਾਗ ਨੂੰ ਪੂਰੇ ਮੰਤਰਾਲੇ ਦਾ ਦਰਜਾ ਪ੍ਰਦਾਨ ਕੀਤਾ ਗਿਆ। ਉਸ ਮੰਤਰੀ ਮੰਡਲ ਵਿੱਚ ਸ੍ਰੀ ਲਿਆਕਤ ਅਲੀ ਖਾਂ ਨੂੰ ਵਿੱਤ ਮੰਤਰੀ ਨਿਯੁਕਤ ਕੀਤਾ ਗਿਆ।

ਸੰਗਠਨ (Organisation) :- 1947 ਵਿੱਚ ਸੁਤੰਤਰਤਾ ਪ੍ਰਾਪਤੀ ਤੋਂ ਮਗਰੋਂ ਵਿੱਤ ਮੰਤਰਾਲੇ ਦਾ ਸੰਗਠਨ ਹਮੇਸ਼ਾ ਇਕੋ ਜਿਹਾ ਨਹੀਂ ਰਿਹਾ ਸਗੋ ਸਮੇਂ-ਸਮੇਂ ਇਸ ਵਿੱਚ ਤਬਦੀਲੀਆਂ ਆਉਂਦੀਆਂ ਰਹੀਆਂ ਹਨ।

ਸੁਤੰਤਰਤਾ ਸਮੇਂ ਵਿੱਤ ਮੰਤਰਾਲੇ ਦੇ ਤਿੰਨ ਮੁੱਖ ਵਿੰਗ-ਖਰਚਾ ਵਿੰਗ, ਆਰਥਿਕ ਮਾਮਲਿਆਂ ਦਾ ਵਿੰਗ ਅਤੇ ਮਾਲੀਆਂ ਵਿੰਗ ਵਿੱਚ ਸੰਗਠਨ ਕੀਤਾ ਗਿਆ ਸੀ। 1949 ਵਿੱਚ ਇਸ ਮੰਤਰਾਲੇ ਨੂੰ ਮਾਲੀਆਂ ਅਤੇ ਖਰਚਾ ਵਿਭਾਗ ਅਤੇ ਆਰਥਿਕ ਮਾਮਲਿਆਂ ਦੇ ਵਿਭਾਗ ਵਿੱਚ ਗਠਿਤ ਕੀਤਾ ਗਿਆ। 1955 ਵਿੱਚ ਇਸ ਮੰਤਰਾਲੇ ਦੇ ਨਿਮਨਲਿਖਤ ਵਿਭਾਗ ਸਥਾਪਤ ਕੀਤੇ ਗਏ (1) ਆਰਥਿਕ ਮਾਮਲਿਆਂ ਦਾ ਵਿਭਾਗ, (2) ਮਾਲੀਆ ਵਿਭਾਗ (3) ਖਰਚਾ ਵਿਭਾਗ (4) ਕੰਪਨੀ ਲਾਅ ਪ੍ਰਸ਼ਾਸਨ ਵਿਭਾਗ।

ਸਤੰਬਰ, 1963 ਵਿੱਚ ਇਸ ਮੰਤਰਾਲੇ ਵਿੱਚ ਤਾਲਮੇਲ ਵਿਭਾਗ ਸਥਾਪਤ ਕੀਤਾ ਗਿਆ ਤਾਂ ਜੋ ਭਾਰਤ ਸਰਕਾਰ ਦੀਆਂ ਆਰਥਿਕ ਗਤੀਵਿਧੀਆਂ ਵਿੱਚ ਤਾਲਮੇਲ ਕਾਇਮ ਕੀਤਾ ਜਾ ਸਕੇ। ਜਨਵਰੀ, 1964 ਵਿੱਚ ਮਾਲੀਆ ਵਿਭਾਗ ਦੀ ਥਾਂ ਦੋ ਕਾਨੂੰਨੀ ਬੋਰਡ (Statutory Board) ਪ੍ਰਤੱਖ ਕਰਾਂ ਦਾ ਕੇਂਦਰੀ ਬੋਰਡ (Central Board of Direct Taxes) ਅਤੇ ਆਬਕਾਰੀ ਅਤੇ ਸੀਮਾ ਕਰ ਦਾ ਕੇਂਦਰੀ ਬੋਰਡ (Central Board of Excise and Customs) ਸਥਾਪਤ ਕੀਤੇ ਗਏ। ਇਸੇ ਹੀ ਸਾਲ ਨਵੰਬਰ ਦੇ ਮਹੀਨੇ ਕੰਪਨੀ ਕਾਨੂੰਨ ਮਾਮਲਿਆਂ ਅਤੇ ਬੀਮਾ (Company Law Affairs and Insurance) ਦਾ ਵਖਰਾ ਵਿਭਾਗ ਕਾਇਮ ਕੀਤਾ ਗਿਆ ਪ੍ਰੰਤੂ 1966 ਵਿਚ ਇਸ ਨੂੰ ਸਮਾਪਤ ਕਰ ਦਿੱਤਾ ਗਿਆ। ਇਸ ਮੰਤਰਾਲੇ ਨੂੰ ਨਿਮਨਲਿਖਤ ਚਾਰ ਵਿਭਾਗਾਂ ਵਿੱਚ ਸੰਗਠਿਤ ਕੀਤਾ ਗਿਆ। (1) ਮਾਲੀਆ ਅਤੇ ਬੀਮਾ ਵਿਭਾਗ, (2) ਖਰਚਾ ਵਿਭਾਗ (3) ਆਰਥਿਕ ਮਾਮਲਿਆ ਦਾ ਵਿਭਾਗ, (4) ਬੈਂਕਿੰਗ ਵਿਭਾਗ (Department of Banking)

ਵਿੱਤ ਮੰਤਰਾਲੇ ਦਾ ਰਾਜਨੀਤਿਕ ਮੁੱਖੀ ਕੈਬਨਿਟ ਮੰਤਰੀ ਹੁੰਦਾ ਹੈ ਅਦੇ ਉਸਦੀ ਸਹਾਇਤਾ ਲਈ ਰਾਜ ਮੰਤਰੀ ਅਤੇ ਡਿਪਟੀ ਮੰਤਰੀ ਹੁੰਦੇ ਹਨ। ਇਨ੍ਹਾ ਨੂੰ ਨਿਪੁੰਨ ਸਹਾਇਤਾ ਦੇਣ ਲਈ ਉੱਚ ਅਧਿਕਾਰੀਆਂ ਤੋ ਇਲਾਵਾ ਵਿਸਾਲ ਅਧੀਨ ਕਰਮਚਾਰੀਆ ਦਾ ਸਮੂਹ ਹੁੰਦਾ ਹੈ ਵਰਤਮਾਨ ਸਮੇ ਵਿੱਤ ਮੰਤਰਾਲੇ ਨਿਮਲਲਿਖਤ ਵਿਭਾਗਾਂ ਦੁਆਰਾ ਕੰਮ ਕਰਦਾ ਹੈ:-

i) ਮਾਲੀਆ ਵਿਭਾਗ
ii) ਖਰਚਾ ਵਿਭਾਗ
iii) ਆਰਥਿਕ ਵਿਭਾਗ
iv) ਅਨਿਵੇਸ ਵਿਭਾਗ
v) ਵਿੱਤੀ ਸੇਵਾਵਾਂ ਦਾ ਵਿਭਾਗ

1. ਮਾਲੀਆ ਵਿਭਾਗ:- ਇਹ ਵਿਭਾਗ ਕੇਦਰ ਸਰਕਾਰ ਦੇ ਪ੍ਰਤੱਖ ਅਤੇ ਅਪ੍ਰਤੱਖ ਟੈਕਸਾਂ ਅਤੇ ਬੀਮਾਂ ਕੰਪਨੀ ਮਾਮਲਿਆਂ ਨਾਲ ਸੰਬੰਧਤ ਹੈ ਅਤੇ ਸਰਕਾਰ ਨੂੰ ਟੈਕਸ ਨੀਤੀ ਦੇ ਲਾਭਾਂ ਬਾਰੇ ਚਾਨਣ ਪਾਉਂਦਾ ਹੈ ਨਵੇ ਲਾਗੂ ਕੀਤੇ ਜਾਣ ਵਾਲੇ ਟੈਕਸਾਂ ਸੰਬੰਧੀ ਆਪਣੇ ਸੁਝਾਅ ਦਿੰਦਾ ਹੈ ਅਤੇ ਲੋੜ ਪੈਣ ਤੇ ਟੈਕਸ ਕਾਨੂੰਨ ਵਿਚ ਲੋੜੀਦੀ ਸੁਧਾਰ ਲਿਆਉਣ ਲਈ ਵੀ ਆਪਣੇ ਸੁਝਾਅ ਦਿੰਦਾ ਹੈ। ਇਸ ਵਿਭਾਗ ਨੂੰ ਆਪਣਾ ਨੂੰ ਆਪਣਾ ਕੰਮ ਚਲਾਉਣ ਲਈ ਤਿੰਨ ਤਰ੍ਹਾਂ ਦੇ ਬੋਰਡਾਂ ਦੀ ਸਹਾਇਤਾ ਪ੍ਰਾਪਤ ਹੈ:-

i. **ਪ੍ਰਤੱਖ ਟੈਕਸਾਂ ਦਾ ਕੇਂਦਰੀ ਬੋਰਡ (Central Board of Direct Taxes) :-** ਇਸ ਬੋਰਡ ਦਾ ਇੱਕ ਚੇਅਰਮੈਨ ਅਤੇ ਤਿੰਨ ਹੋਰ ਮੈਂਬਰ ਹਨ।

ii. **ਆਬਕਾਰੀ ਅਤੇ ਸੀਮਾ ਕਰ ਕੇਂਦਰੀ (Central Board of Excise and Customs):-** ਇਸ ਬੋਰਡ ਦਾ ਇੱਕ ਚੇਅਰਮੈਨ ਅਤੇ ਦੋ ਦੂਸਰੇ ਮੈਂਬਰ ਹੁੰਦੇ ਹਨ।
ਇਨ੍ਹਾਂ ਦੋਹਾਂ ਬੋਰਡਾਂ ਦੇ ਚੇਅਰਮੈਨ ਵਧੀਕ ਸਕੱਤਰ ਦੇ ਅਹੁਦੇਦਾਰ ਹੁੰਦੇ ਹਨ ਅਤੇ ਦੂਸਰੇ ਮੈਂਬਰ ਸੰਯੁਕਤ ਸਕੱਤਰ ਦੇ ਦਰਜੇ ਦੇ ਅਧਿਕਾਰੀ ਹੁੰਦੇ ਹਨ।

iii. **ਸੋਨਾ ਕੰਟਰੋਲ ਪ੍ਰਸ਼ਾਸਕ (Gold Control Administrator) :-** ਇਸ ਬੋਰਡ ਦਾ ਮੁੱਖੀ ਸੰਯੁਕਤ ਸਕੱਤਰ ਦੇ ਦਰਜੇ ਦਾ ਅਧਿਕਾਰੀ ਹੁੰਦਾ ਹੈ ਜੋ ਸੋਨੇ ਦੇ ਕੰਟਰੋਲ ਸੰਬੰਧੀ ਨਿਯਮਾਂ ਨੂੰ ਲਾਗੂ ਕਰਦਾ ਹੈ।

ਇਸ ਵਿਭਾਗ ਦੇ ਸਕੱਤਰੇਤ ਦਾ ਮੁੱਖੀ ਇੱਕ ਸਕੱਤਰ ਹੁੰਦਾ ਹੈ ਜੋ ਆਈ.ਏ.ਐਸ. ਦਾ ਇੱਕ ਸੀਨੀਅਰ ਅਧਿਕਾਰੀ ਹੁੰਦਾ ਹੈ। ਉਸਦੀ ਸਹਾਇਤਾ ਲਈ ਵਧੀਕ ਸਕੱਤਰ, ਸੰਯੁਕਤ ਸਕੱਤਰ, ਡਿਪਟੀ ਸਕੱਤਰ, ਅਧੀਨ ਸਕੱਤਰ, ਸੈਕਸ਼ਨ ਅਫ਼ਸਰ ਅਤੇ ਅਨੇਕਾਂ ਹੋਰ ਅਧੀਨ ਕਰਮਚਾਰੀ ਹੁੰਦੇ ਹਨ।

2. ਖਰਚ ਵਿਭਾਗ (Department of Expenditure) :- ਇਹ ਵਿਭਾਗ ਸਰਕਾਰ ਦੁਆਰਾ ਕੀਤੇ ਜਾਣ ਵਾਲੇ ਹਰ ਪ੍ਰਕਾਰ ਦੇ ਖਰਚੇ ਨਾਲ ਸੰਬੰਧਤ ਹੈ। ਇਹ ਵਿਭਾਗ ਆਪਣੇ ਕਾਰਜਾਂ ਦੀ ਪੂਰਤੀ ਨਿਮਨਲਿਖਤ ਸੱਤ ਵਿਭਾਗਾਂ ਦੁਆਰਾ ਕਰਦਾ ਹੈ:-

i) ਅਮਲਾ ਡਿਵੀਜ਼ਨ (Establishment Division)
ii) ਸਿਵਲ ਖਰਚਾ ਡਿਵੀਜਨ (Civil Expenditure Division)
iii) ਸੁਰੱਖਿਆ ਖਰਚਾ ਡਿਵੀਜ਼ਨ (Bureau of Public Enterprises)
iv) ਲੋਕ ਅਦਾਰਿਆਂ ਦਾ ਬਿਉਰੋ (Bureau of Public Enterprises)
v) ਕੀਮਤ ਲੇਖਾ ਡਿਵੀਜ਼ਨ (Cost Account Division)
vi) ਯੋਜਨਾ ਵਿੱਤ ਡਿਵੀਜ਼ਨ (Plan Finance Division)
vii) ਸਟਾਫ ਨਿਰੀਖਣ ਡਿਵੀਜ਼ਨ (Staff Inspection Division)

1) ਅਮਲਾ ਡਿਵੀਜ਼ਨ (Establishment Division) :- ਇਹ ਡਿਵੀਜ਼ਨ ਇਸ ਵਿਭਾਗ ਦੇ ਪ੍ਰਸ਼ਾਸਨ ਨੂੰ ਚਲਾਉਣ ਲਈ ਜ਼ਿੰਮੇਵਾਰ ਹੈ। ਇਹ ਵਿੱਤੀ ਨਿਯਮਾਂ ਅਤੇ ਵਿਨਿਯਮਾਂ ਦੀ ਵਿਆਖਿਆ ਕਰਦਾ ਹੈ। ਇਹ ਡਿਵੀਜ਼ਨ ਕੇਂਦਰੀ ਸਰਕਾਰ ਦੇ ਕਰਮਚਾਰੀ ਵਰਗ ਦੀਆਂ ਤਨਖਾਹਾਂ ਅਤੇ ਸੇਵਾ ਸ਼ਰਤਾਂ ਨੂੰ ਨਿਰਧਾਰਿਤ ਕਰਦਾ ਹੈ।

2) ਸਿਵਲ ਖਰਚਾ ਡਿਵੀਜ਼ਨ (Civil Expenditure Division) :- ਇਹ ਡਿਵੀਜ਼ਨ ਵੱਖ-ਵੱਖ ਮੰਤਰਾਲਿਆਂ ਤੋਂ ਪ੍ਰਾਪਤ ਹੋਣ ਵਾਲੀਆਂ ਵਿੱਤੀ ਤਜਵੀਜ਼ਾਂ ਦੀ ਛਾਣਬੀਣ ਕਰਦੀ ਹੈ। ਇਹ ਡਿਵੀਜ਼ਨ ਅਗੇ ਆਪਣੀਆਂ 11 ਇਕਾਈਆਂ ਦੁਆਰਾ ਕੰਮ ਕਰਦੀ ਹੈ। ਹਰੇਕ ਇਕਾਈ ਦਾ ਇੰਚਾਰਜ ਉਪ-ਸਕੱਤਰ ਹੁੰਦਾ ਹੈ। ਇਹ ਪ੍ਰਸ਼ਾਸਕੀ ਮੰਤਰਾਲਿਆਂ ਅਤੇ ਸਰਕਾਰੀ ਵਿਭਾਗਾਂ ਨੂੰ ਵਿੱਤੀ ਮਾਮਲਿਆਂ ਬਾਰੇ ਸਲਾਹ ਦਿੰਦਾ ਹੈ।

3) ਰੱਖਿਆ ਖਰਚ ਡਿਵੀਜ਼ਨ (Defence Expenditure Division) :- ਰੱਖਿਆ ਮੰਤਰਾਲੇ ਦੀ ਮਹੱਤਤਾ ਅਤੇ ਆਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਵੱਖਰਾ ਡਿਵੀਜ਼ਨ-ਰੱਖਿਆ ਖਰਚ ਡਿਵੀਜ਼ਨ ਕਾਇਮ ਕੀਤਾ ਗਿਆ ਹੈ। ਇਹ ਡਿਵੀਜ਼ਨ ਰੱਖਿਆ ਲੇਖਾ ਵਿਭਾਗ ਉਤੇ ਕੰਟਰੋਲ ਕਰਦਾ ਹੈ ਅਤੇ ਰੱਖਿਆ ਮੰਤਰਾਲੇ ਦੇ ਖਰਚ ਦਾ ਨਿਰੀਖਣ ਕਰਦਾ ਹੈ। ਇਹ ਡਿਵੀਜ਼ਨ ਰੱਖਿਆ ਮੰਤਰੀ, ਜਲ, ਥਲ ਅਤੇ ਹਵਾਈ ਫੌਜ ਦੇ ਮੁੱਖੀਆਂ ਅਤੇ ਰੱਖਿਆ ਸਕੱਤਰ ਨੂੰ ਵਿੱਤੀ ਸਲਾਹ ਦਿੰਦਾ ਹੈ।

4) ਲੋਕ ਅਦਾਰਿਆਂ ਦਾ ਬਿਉਰੋ (Bureau of Public Enterprises) :- ਇਸ ਬਿਉਰੋ ਦੀ ਸਥਾਪਨਾ 1963 ਵਿੱਚ ਕੀਤੀ ਗਈ। ਇਸ ਦਾ ਉਦੇਸ਼ ਜਨਤਕ ਅਦਾਰਿਆਂ ਦੇ ਤਕਨੀਕੀ, ਆਰਥਿਕ ਅਤੇ ਵਿੱਤੀ ਪੱਖਾਂ ਦੀ ਜਾਂਚ ਪੜਤਾਲ ਕਰਨਾ ਅਤੇ ਉਨ੍ਹਾਂ ਦੇ ਪ੍ਰਬੰਧ ਨੂੰ ਕੁਸ਼ਲ ਬਣਾਉਣਾ ਹੈ। ਇਸ ਤੋਂ ਇਲਾਵਾ ਇਹ ਬਿਉਰੋ ਲੋਕ ਨਿਗਮਾਂ (Public Corporations) ਅਤੇ ਸਰਕਾਰੀ ਕੰਪਨੀਆਂ ਦੁਆਰਾ ਭੇਜੇ ਗਏ ਵਿੱਤੀ ਅਨੁਮਾਨਾਂ ਦੀ ਜਾਂਚ ਕਰਦਾ ਹੈ। ਇਹ ਬਿਉਰੋ ਨਿਮਨਲਿਖਤ ਪੰਜ ਡਿਵੀਜ਼ਨਾਂ ਦੁਆਰਾ ਕੰਮ ਕਰਦਾ ਹੈ:-

i) ਉਸਾਰੀ ਡਿਵੀਜ਼ਨ (Construction Divison)
ii) ਉਤਪਾਦਨ ਡਿਵੀਜ਼ਨ (Production Divison)
iii) ਵਿੱਤੀ ਡਿਵੀਜ਼ਨ (Finance Division)
iv) ਆਮ ਪ੍ਰਬੰਧ ਡਿਵੀਜ਼ਨ (General Management Division)
v) ਸੂਚਨਾ ਤੇ ਰਿਸਰਚ ਡਿਵੀਜ਼ਨ (Information and Research Division)

ਇਹ ਸਾਰੇ ਡਿਵੀਜ਼ਨ ਇਕਾਈਆਂ ਦੇ ਤੌਰ ਤੇ ਜਨਤਕ ਅਦਾਰਿਆਂ ਵਿੱਚ ਤਾਲਮੇਲ ਪੈਦਾ ਕਰਨ ਦਾ ਕੰਮ ਕਰਦੇ ਹਨ ਅਤੇ ਸਮੇਂ-ਸਮੇਂ ਉਹਨਾਂ ਦੇ ਕਾਰਜਾਂ ਦਾ ਮੁਲਾਂਕਣ ਵੀ ਕਰਦੇ ਹਨ।

5. **ਕੀਮਤ ਲੇਖਾ ਡਿਵੀਜ਼ਨ (Cost Account Diviosn):-** ਇਸ ਡਿਵੀਜ਼ਨ ਦਾ ਮੁੱਖ ਕੰਮ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਕੀਮਤ ਲੇਖਾ ਕਾਰਜ (Cost Accounts Work) ਦੇ ਮਾਮਲਿਆਂ ਨੂੰ ਨੇਪਰੇ ਚਾੜਨਾ ਹੈ। ਜਨਤਕ ਅਤੇ ਨਿੱਜੀ ਅਦਾਰਿਆਂ ਦੀ ਬੇਨਤੀ ਤੇ ਇਹ ਡਿਵੀਜ਼ਨ ਉਹਨਾਂ ਦੇ ਲੇਖਿਆਂ ਦਾ ਨਿਰੀਖਣ ਕਰ ਸਕਦਾ ਹੈ।

6. **ਯੋਜਨਾ ਅਤੇ ਵਿੱਤ ਡਿਵੀਜ਼ਨ (Planning and Finance Division):-** ਇਸ ਡਿਵੀਜ਼ਨ ਦਾ ਸੰਬੰਧ ਰਾਜਾਂ ਦੀਆਂ ਆਰਥਿਕ ਵਿਕਾਸ ਯੋਜਨਾਵਾਂ ਅਤੇ ਉਨ੍ਹਾਂ ਦੇ ਵਿੱਤ ਨਾਲ ਹੈ। ਰਾਜਾਂ ਦੇ ਵਿੱਤੀ ਸਾਧਨਾਂ ਅਤੇ ਵਿੱਤ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਡਿਵੀਜ਼ਨ ਉਨ੍ਹਾਂ ਰਾਜਾਂ ਨੂੰ ਉਦਯੋਗਿਕ ਅਦਾਰਿਆਂ, ਸਿੰਚਾਈ, ਸ਼ਕਤੀ ਅਤੇ ਹੜ ਕੰਟਰੋਲ ਆਦਿ ਤੇ ਕੀਤੇ ਜਾਣ ਵਾਲੇ ਖਰਚੇ ਬਾਰੇ ਸਲਾਹ ਦਿੰਦਾ ਹੈ। ਇਸ ਤੋਂ ਇਲਾਵਾ ਇਹ ਡਿਵੀਜ਼ਨ ਕੇਂਦਰੀ ਮੰਤਰਾਲਿਆਂ ਦੁਆਰਾ ਵੱਖ-ਵੱਖ ਪ੍ਰਾਜੈਕਟਾਂ ਤੇ ਕੀਤੇ ਜਾਣ ਵਾਲੇ ਖਰਚ ਸੰਬੰਧੀ ਯੋਜਨਾਵਾਂ ਦੀ ਵੀ ਜਾਂਚ ਪੜਤਾਲ ਕਰਦਾ ਹੈ।

7. **ਸਟਾਫ਼ ਨਿਰੀਖਣ ਇਕਾਈ (Staff Inspection Division):-** ਇਸ ਡਿਵੀਜ਼ਨ ਦਾ ਮੁੱਖ ਕਾਰਜ ਵੱਖ-ਵੱਖ ਕੇਂਦਰੀ ਮੰਤਰਾਲਿਆਂ ਵਿੱਚ ਬਚਤ ਦੇ ਨਾਲ-ਨਾਲ ਕਾਰਜਕੁਸ਼ਲਤਾ ਲਿਆਉਣ ਲਈ ਸੁਝਾਅ ਦਿੰਦਾ ਹੈ।

ਮਾਲੀਆਂ ਵਿਭਾਗ ਦੀ ਤਰ੍ਹਾਂ ਹੀ ਇਸ ਵਿਭਾਗ ਦਾ ਮੁੱਖੀ ਇੱਕ ਸਕੱਤਰ ਹੁੰਦਾ ਹੈ ਜੋ ਕਿ ਆਈ.ਏ.ਐਸ. ਦਾ ਸੀਨੀਅਰ ਅਧਿਕਾਰੀ ਹੁੰਦਾ ਹੈ। ਉਸਦੀ ਸਹਾਇਤਾ ਅਤੇ ਸਲਾਹ ਲਈ ਹੋਰ ਕਈ ਉੱਚ ਅਧਿਕਾਰੀਆਂ ਤੋਂ ਇਲਾਵਾ ਕਾਫ਼ੀ ਵਿਸ਼ਾਲ ਅਧੀਨ ਕਰਮਚਾਰੀਆਂ ਦੀ ਵਿਵਸਥਾ ਹੁੰਦੀ ਹੈ।

3. **ਆਰਥਿਕ ਮਾਮਿਲਆਂ ਦਾ ਵਿਭਾਗ (Economic Affairs Division):-** ਵਿੱਤ ਮੰਤਰਾਲੇ ਦਾ ਇਹ ਵਿਭਾਗ ਸਭ ਤੋਂ ਵੱਧ ਤਕਨੀਕੀ ਮਹੱਤਤਾ ਰੱਖਦਾ ਹੈ। ਦਰਅਸਲ ਦੇਸ਼ ਦੀ ਸਾਰੀ ਦੀ ਸਾਰੀ ਆਰਥਿਕ ਨੀਤੀ ਨੂੰ ਇਹ ਵਿਭਾਗ ਤਿਆਰ ਕਰਦਾ ਹੈ। ਇਹ ਵਿਭਾਗ ਕਰੰਸੀ, ਬੈਕਿੰਗ, ਵਿੱਤੀ ਨਿਗਮ, ਬੀਮਾ, ਬਦੇਸ਼ੀ ਸਿੱਕੇ, ਬਦੇਸ਼ੀ ਧਨ ਆਦਿ ਉੱਤੇ ਕੰਟਰੋਲ ਕਰਦਾ ਹੈ। ਇਸ ਵਿਭਾਗ ਨੂੰ ਸਟਾਫ਼ ਏਜੰਸੀ ਦਾ ਨਾਂ ਵੀ ਦਿੱਤਾ ਜਾਂਦਾ ਹੈ ਕਿਉਂਕਿ ਇਹ ਰਾਸ਼ਟਰਪਤੀ ਨੂੰ ਆਰਥਿਕ ਮਾਮਲਿਆਂ ਬਾਰੇ ਆਪਣੀ ਰਾਇ ਦਿੰਦਾ ਹੈ। ਇਹ ਵਿਭਾਗ ਨਿਮਨਲਿਖਤ ਡਿਵੀਜ਼ਨਾਂ ਰਾਹੀਂ ਆਪਣੇ ਕਾਰਜਾਂ ਦੀ ਪੂਰਤੀ ਕਰਦਾ ਹੈ:-

i) ਬਜ਼ਟ ਡਿਵੀਜ਼ਨ (Budget Division)
ii) ਅੰਦਰੂਨੀ ਵਿੱਤ ਡਿਵੀਜ਼ਨ (Internal Finance Division)
iii) ਆਰਥਿਕ ਡਿਵੀਜ਼ਨ (Economic Division)
iv) ਬਾਹਰੀ ਵਿੱਤ ਅਤੇ ਵਿਦੇਸ਼ੀ ਸਹਾਇਤਾ ਡਿਵੀਜ਼ਨ (External Finance and Foreign Aid Division)
v) ਪ੍ਰਸ਼ਾਸਕੀ ਡਿਵੀਜ਼ਨ (Administrative Division)
vi) ਬੀਮਾ ਡਿਵੀਜ਼ਨ (Insurance Division)
vii) ਬੈਕਿੰਗ ਡਿਵੀਜ਼ਨ (Banking Division)

(i) ਬਜਟ ਡਿਵੀਜ਼ਨ (Budget Division):- ਇਸ ਡਿਵੀਜ਼ਨ ਦੇ ਨਾਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਕੇਂਦਰ ਸਰਕਾਰ ਅਜਿਹੇ ਰਾਜ ਅਤੇ ਸੰਘੀ ਇਲਾਕੇ (ਜੋ ਰਾਸ਼ਟਰਪਤੀ ਸ਼ਾਸਨ ਅਧੀਨ ਹੋਣ) ਦੇ ਆਮ ਬਜਟ ਅਤੇ ਦੂਸਰੀਆਂ ਵਿੱਤੀ ਮੰਗਾਂ ਨੂੰ ਤਿਆਰ ਕਰਦਾ ਹੈ। ਇਸ ਤੋਂ ਇਲਾਵਾ ਇਸ ਡਿਵੀਜ਼ਨ ਦਾ ਸੰਬੰਧ ਰਾਸ਼ਟਰੀ ਬਚਤਾਂ, ਜਨਤਕ ਕਰਜ਼ੇ (Public Debt.), ਮਾਰਕੀਟ ਕਰਜ਼ੇ (Market Loans), ਕੇਂਦਰ ਸਰਕਾਰ ਦੇ ਉਧਾਰ ਲੈਣ ਅਤੇ ਦੇਣ ਦੀ ਵਿਆਜ਼ ਦਰ (Interest Rates on the Central

Government's browwings and lendings) ਅਤੇ ਭਾਰਤ ਦੇ ਅਚਨਚੇਤ ਨਿੱਧੀ (Contingency Fund of India) ਨਾਲ ਹੁੰਦਾ ਹੈ।

(ii) ਅੰਦਰੂਨੀ ਵਿੱਤ ਡਿਵੀਜ਼ਨ (Internal Finance Division):- ਇਸ ਡਿਵੀਜ਼ਨ ਦਾ ਸੰਬੰਧ ਦੇਸ਼ ਦੀ ਕਰੰਸੀ ਅਤੇ ਨੋਟਾਂ, ਟਕਸਾਲਾਂ ਦੇ ਪ੍ਰਬੰਧ, ਉਦਯੋਗਿਕ ਵਿੱਤ, ਚਾਂਦੀ ਸੋਧ ਪ੍ਰੋਜੈਕਟ, ਮੁੜ ਵਸੇਬਾ ਵਿੱਤ ਪ੍ਰਸ਼ਾਸਨ (Rehabilitation Finance Administrator) ਆਦਿ ਨਾਲ ਹੁੰਦਾ ਹੈ ਭਾਵ ਕਿ ਇਹ ਇਹਨਾਂ ਦੇ ਆਪਣਾ ਕੰਟਰੋਲ ਰੱਖਦਾ ਹੈ।

(iii) ਬਾਹਰੀ ਵਿੱਤ ਅਤੇ ਵਿਦੇਸ਼ੀ ਸਹਾਇਤਾ ਡਿਵੀਜ਼ਨ (External Finance and Foreign Aid Division):- ਇਸ ਡਿਵੀਜ਼ਨ ਦਾ ਸੰਬੰਧ ਭਾਰਤ ਦੇ ਦੂਜੇ ਦੇਸ਼ਾਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਵਿੱਤੀ ਅਤੇ ਆਰਥਿਕ ਸੰਬੰਧਾਂ ਨਾਲ ਹੈ। ਇਸਦਾ ਮੁੱਖ ਕੰਮ ਵਿਦੇਸ਼ੀ ਵਿੱਤੀ ਸਹਾਇਤਾ ਅਤੇ ਵਿਦੇਸ਼ੀ ਮੁਦਰਾ ਤੇ ਕੰਟਰੋਲ ਕਰਨਾ ਹੈ। ਦੂਜੇ ਦੇਸ਼ਾਂ ਨਾਲ ਵਪਾਰਕ ਸਮਝੌਤਿਆਂ ਦੀ ਰੂਪ ਰੇਖਾ ਵੀ ਇਸ ਡਿਵੀਜ਼ਨ ਦੁਆਰਾ ਹੀ ਤਿਆਰ ਕੀਤੀ ਜਾਂਦੀ ਹੈ।

(iv) ਆਰਥਿਕ ਡਿਵੀਜ਼ਨ (Economic Division):- ਇਹ ਡਿਵੀਜ਼ਨ ਦੇਸ਼ ਦੀ ਆਰਥਿਕ ਨੀਤੀ ਬਾਰੇ ਵਿਭਾਗ ਨੂੰ ਸਲਾਹ ਦਿੰਦਾ ਹੈ। ਇਹ ਡਿਵੀਜ਼ਨ ਮੁੱਖ ਤੌਰ ਤੇ ਬਜ਼ਟ ਦਾ ਵਰਗੀਕਰਣ ਕਰਦਾ ਹੈ ਅਤੇ ਸਮੇਂ-ਸਮੇਂ ਦੇਸ਼ ਦੀ ਆਰਥਿਕ ਸਥਿਤੀ ਬਾਰੇ ਜਾਇਜਾਂ ਲੈਂਦਾ ਹੈ। ਇਹ ਵੱਖ-ਵੱਖ ਅੰਤਰ-ਰਾਸ਼ਟਰੀ ਵਿੱਤੀ ਸੰਗਠਨਾਂ ਨਾਲ ਭਾਰਤ ਸਰਕਾਰ ਦੇ ਸੰਬੰਧਾਂ ਬਾਰੇ ਸਲਾਹ ਮਸ਼ਵਰਾ ਦਿੰਦਾ ਹੈ। ਇਸ ਡਿਵੀਜ਼ਨ ਦੇ ਅੱਗੇ 5 ਮੁੱਖ ਭਾਗ ਹਨ ਜਿਨ੍ਹਾਂ ਰਾਹੀਂ ਇਹ ਆਪਣਾ ਕਾਰਜ ਕਰਦਾ ਹੈ।

ੳ. ਅੰਦਰੂਨੀ ਆਰਥਿਕ ਸੈਕਸ਼ਨ (Internal Economic Section)
ਅ. ਅੰਤਰ-ਰਾਸ਼ਟਰੀ ਆਰਥਿਕ ਸੈਕਸ਼ਨ (International Economic Section)
ੲ. ਟੈਕਸ ਖੋਜ ਸੈਕਸ਼ਨ (Tax Research Section)
ਸ. ਸੰਖੇਪ ਸੈਕਸ਼ਨ (Briefing Section)
ਹ. ਲੋਕ ਵਿੱਤ ਅਤੇ ਯੋਜਨਾਬੰਦੀ ਸੈਕਸ਼ਨ (Public Finance and Planning Section)

ੳ. ਅੰਦਰੂਨੀ ਆਰਥਿਕ ਸੈਕਸ਼ਨ (Internal Economic Section):- ਇਹ ਸੈਕਸ਼ਨ ਮੁਦਰਾ ਪੂੰਜੀ ਅਤੇ ਵਸਤੂ ਮੰਡੀਆਂ, ਖੇਤੀ ਵਿਕਾਸ, ਕੀਮਤਾਂ ਤੇ ਕੰਟਰੋਲ ਆਦਿ ਮਾਮਲਿਆਂ ਨਾਲ ਸੰਬੰਧਤ ਹੈ।

ਅ. ਅੰਤਰ-ਰਾਸ਼ਟਰੀ ਆਰਥਿਕ ਸੈਕਸ਼ਨ (International Economic Section):- ਇਸ ਸੈਕਸ਼ਨ ਦਾ ਸੰਬੰਧ ਵਪਾਰ ਸਤੁੰਲਨ, ਵਿਦੇਸ਼ੀ ਸਹਾਇਤਾ, ਦੂਸਰੇ ਦੇਸ਼ਾਂ ਵਿੱਚ ਆਰਥਿਕ ਵਿਕਾਸ ਦੇ ਮਾਮਲਿਆਂ ਆਦਿ ਨਾਲ ਹੈ।

ੲ. ਟੈਕਸ ਖੋਜ ਸੈਕਸ਼ਨ (Tax Research Section):- ਇਹ ਸੈਕਸ਼ਨ ਕੇਂਦਰੀ ਪ੍ਰਤੱਖ ਟੈਕਸ ਬੋਰਡ, ਕੇਂਦਰ ਆਬਕਾਰੀ ਅਤੇ ਸੀਮਾ ਕਰ ਬੋਰਡ, ਯੋਜਨਾ ਕਮਿਸ਼ਨ, ਕੇਂਦਰੀ ਅੰਕੜਾ ਸੰਗਠਨ, ਰਾਜ ਸਰਕਾਰ ਦੇ ਵਿੱਤੀ ਸੰਗਠਨਾਂ ਦੇ ਸੁਝਾਅ ਅਤੇ ਸਹਿਯੋਗ ਨਾਲ ਟੈਕਸਾਂ ਵਿੱਚ ਵਧੇਰੇ ਸੁਧਾਰ ਲਿਆਉਣ ਲਈ ਲੋੜੀਂਦੇ ਕਦਮ ਚੁੱਕਦਾ ਹੈ।

ਸ. ਬਰੀਫਿੰਗ ਸੈਕਸ਼ਨ (Briefing Section):- ਇਹ ਸੈਕਸ਼ਨ ਭਾਰਤ ਅਤੇ ਸੰਯੁਕਤ ਰਾਸ਼ਟਰ ਸੰਘ (United Nations Organisation) ਵਿਚਾਲੇ ਸੰਬੰਧਤ ਵਿੱਤੀ ਅਤੇ ਆਰਥਿਕ ਪ੍ਰਸ਼ਨਾਂ ਬਾਰੇ ਲੋੜੀਂਦੇ ਉੱਤਰ ਦੱਸਦਾ ਹੈ।

ਹ. ਲੋਕ ਵਿੱਤ ਅਤੇ ਯੋਜਨਾਬੰਦੀ ਸੈਕਸ਼ਨ (Public Finance Planning Section):- ਇਸ ਸੈਕਸ਼ਨ ਦਾ ਮੁੱਖ ਕੰਮ ਕੇਂਦਰ ਅਤੇ ਰਾਜ ਸਰਕਾਰਾਂ ਦੇ ਬਜਟ, ਬਜਟ ਦੀ ਪ੍ਰਵਿਰਤੀ (Budgetry Trends) ਆਦਿ ਦੀ ਦੇਖ ਰੇਖ ਕਰਨਾ ਹੈ।

4. ਅਨਿਵੇਸ਼ ਵਿਭਾਗ : ਇਸ ਵਿਭਾਗ ਦੀ ਸਥਾਪਨਾ 27 ਮਈ 2004 ਨੂੰ ਕੀਤੀ ਗਈ।

ਇਸ ਅਨਿਵੇਸ਼ ਵਿਭਾਗ ਦੁਆਰਾ ਹੇਠ ਲਿਖੇ ਕੰਮ ਕੀਤੇ ਜਾਂਦੇ ਹਨ।

1. ਸਾਰੇ ਕੰਮ ਅਨਿਵੇਸ਼ ਸਬੰਧਤ ਕੇਂਦਰ ਸਰਕਾਰ ਦੇ ਜਿਵੇਂ ਨਿਰਪੱਖਤਾ ਅਤੇ ਮੁੱਖ ਜਨਤਕ ਯੋਜਨਾਵਾਂ ਦੇ ਸਾਰੇ ਕੰਮ ਅਨਿਵੇਸ਼ ਵਿਭਾਗ ਦੁਆਰਾ ਦੇਖੇ ਜਾਂਦੇ ਹਨ।
2. ਅਨਿਵੇਸ਼ ਆਯੋਗ ਦੁਆਰਾ ਨਵੇਂ ਅਨਿਵੇਸ਼ ਅਨੁਸਾਰ ਫੈਸਲੇ ਅਤੇ ਸੁਝਾਅ ਦਿੱਤੇ ਜਾਂਦੇ ਹਨ।
3. ਅਨਿਵੇਸ਼ ਆਯੋਗ ਦੁਆਰਾ ਦਿੱਤੇ ਹੁਕਮਾਂ ਨੂੰ ਲਾਗੂ ਕਰਨਾ, ਜਿਸ ਵਿੱਚ ਸਲਾਹਕਾਰ ਨਿਯੁਕਤੀ ਸ਼ੇਅਰ ਦਾ ਮੁੱਲ, ਅਤੇ ਹੋਰ ਕਈ ਕਿਸਮਾਂ ਅਤੇ ਸ਼ਰਤਾਂ ਹੁੰਦੀਆਂ ਹਨ।
4. ਕੇਂਦਰੀ ਲੋਕ ਉਦਮਾ ਲਈ, ਅਨਿਵੇਸ਼ ਸਰਕਾਰ ਨਿਰਪੱਖਤਾ ਸਬੰਧੀ ਕੰਮ ਕਰਨੇ।

ਵਿੱਤੀ ਸੇਵਾਵਾਂ ਦਾ ਵਿਭਾਗ

5. **ਬੀਮਾ ਡਿਵੀਜ਼ਨ (Insurance Division) :** ਇਸ ਡਿਵੀਜ਼ਨ ਦਾ ਮੁੱਖ ਕੰਮ ਜੀਵਨ ਬੀਮਾ ਅਤੇ ਆਮ ਬੀਮਾ ਕੰਪਨੀਆਂ ਸੰਬੰਧੀ ਨੀਤੀ ਤਿਆਰ ਕਰਨਾ ਹੈ ਅਤੇ ਉਨ੍ਹਾਂ ਦੀ ਵਿੱਤੀ ਸਥਿਤੀ ਨੂੰ ਆਪਦੇ ਕਾਬੂ ਵਿੱਚ ਰੱਖਣਾ ਹੈ।

6. **ਬੈਂਕਿੰਗ ਡਿਵੀਜ਼ਨ (Banking Divsion) :-** ਇਸ ਵਿਭਾਗ ਨੂੰ ਡਿਵੀਜ਼ਨ ਵਿੱਚ ਤਬਦੀਲ ਕਰਕੇ ਆਰਥਿਕ ਮਾਮਲਿਆਂ ਦੇ ਵਿਭਾਗ ਅਧੀਨ ਕਰ ਦਿੱਤਾ ਗਿਆ। ਇਸ ਡਿਵੀਜ਼ਨ ਦੇ ਮੁੱਖ ਕੰਮ ਇਸ ਪ੍ਰਕਾਰ ਹਨ:-

ੳ. ਰਾਸ਼ਟਰੀਕ੍ਰਿਤ ਬੈਂਕਾਂ ਤੇ ਕੰਟਰੋਲ ਕਰਨਾ।

ਅ. ਨਿੱਜੀ ਬੈਂਕਾਂ ਤੇ ਸਮਾਜਿਕ ਕੰਟਰੋਲ ਕਾਇਮ ਰਖਣਾ।

ੲ. ਦੇਸ਼ ਵਿੱਚ ਸਥਾਪਤ ਹੋਏ ਵਿਦੇਸ਼ੀ ਬੈਂਕਾਂ ਤੇ ਕੰਟਰੋਲ ਕਰਨਾ ਅਤੇ

ਸ. ਦੂਸਰੀਆਂ ਵਿੱਤੀ ਸੰਸਥਾਵਾਂ ਤੇ ਕੰਟਰੋਲ।

ਇਸ ਵਿਭਾਗ ਨੂੰ ਵੀ ਇਕ ਸਕੱਤਰ ਦੇ ਕੰਟਰੋਲ ਅਧੀਨ ਰਖਿਆ ਗਿਆ ਹੈ ਜਿਸਦੀ ਸਹਾਇਤਾ ਲਈ ਅਨੇਕਾਂ ਵਧੀਕ ਸਕੱਤਰ, ਸੰਯੁਕਤ ਸਕੱਤਰ, ਡਿਪਟੀ ਸਕੱਤਰ, ਅਧੀਨ ਸਕੱਤਰ ਆਦਿ ਉੱਚ ਅਧਿਕਾਰੀਆਂ ਤੋਂ ਇਲਾਵਾ ਕਾਫ਼ੀ ਵਿਸ਼ਾਲ ਅਧੀਨ ਕਰਮਚਾਰੀ ਵਰਗ ਹੁੰਦਾ ਹੈ।

ਵਿੱਤ ਮੰਤਰਾਲੇ ਦੇ ਕਾਰਜ (Functions of Ministry):- ਵਿੱਤ ਮੰਤਰਾਲੇ ਦੇ ਕਾਰਜਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਵਿੱਤ ਮੰਤਰਾਲੇ ਕੇਂਦਰ ਸਰਕਾਰ ਦੇ ਵਿੱਤੀ ਪ੍ਰਸਾਸਨ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਜਿੰਮੇਵਾਰ ਹੈ।
2. ਕੇਂਦਰ ਸਰਕਾਰ ਦਾ ਪ੍ਰਸ਼ਾਸਨ ਚਲਾਉਣ ਲਈ ਵੱਖ-ਵੱਖ ਪ੍ਰਕਾਰ ਦੇ ਲਗਾਏ ਗਏ ਟੈਕਸਾਂ ਨੂੰ ਇੱਕਠਾ ਕਰਨ ਦਾ ਕਾਰਜ ਵੀ ਵਿੱਤ ਮੰਤਰਾਲੇ ਦੁਆਰਾ ਕੀਤਾ ਜਾਂਦਾ ਹੈ।
3. ਇਸ ਮੰਤਰਾਲੇ ਦਾ ਇਕ ਹੋਰ ਮਹੱਤਵਪੁਰਨ ਕਾਰਜ ਇਹ ਵੇਖਣਾ ਹੈ ਕਿ ਦਾਤਾ ਅਤੇ ਸੰਸਥਾਵਾਂ ਟੈਕਸਾਂ ਦਾ ਭੁਗਤਾਨ ਠੀਕ ਢੰਗ ਨਾਲ ਕਰ ਰਹੇ ਹਨ ਜਾਂ ਨਹੀ।
4. ਸੰਬੰਧਤ ਵਿਭਾਗਾਂ ਅਤੇ ਪ੍ਰਸ਼ਾਸਕੀ ਮੰਤਰਾਲਿਆਂ ਦੇ ਸਹਿਯੋਗ ਨਾਲ ਕੇਂਦਰ ਸਰਕਾਰ ਦੇ ਸਾਰੇ ਖਰਚੇ ਉੱਤੇ ਕੰਟਰੋਲ ਕਰਦਾ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਪ੍ਰਸ਼ਾਸਕੀ ਮੰਤਰਾਲੇ ਅਤੇ ਵਿਭਾਗ ਵਿੱਤੀ ਸਾਲ ਦੌਰਾਨ ਨਿਰਧਾਰਤ ਰਕਮ ਤੋਂ ਵੱਖ-ਵੱਖ ਖਰਚਾ ਨਾ ਕਰਨ।
5. ਇਹ ਮੰਤਰਾਲੇ ਬੈਂਕਿੰਗ ਅਤੇ ਕਰੰਸੀ ਨਾਲ ਸੰਬੰਧਤ ਸਮੱਸਿਆਵਾਂ ਦਾ ਯੋਗ ਹੱਲ ਦੱਸਦਾ ਹੈ।
6. ਇਹ ਮੰਤਰਾਲੇ ਵੱਖ-ਵੱਖ ਪ੍ਰਸ਼ਾਸਕੀ ਮੰਤਰਾਲਿਆਂ ਅਤੇ ਵਿਭਾਗ ਨੂੰ ਫੰਡਾਂ ਦੀ ਅਲਾਟਮੈਂਟ ਕਰਦਾ ਹੈ।
7. ਵਿੱਤ ਮੰਤਰਾਲੇ ਦਾ ਇਕ ਹੋਰ ਮਹੱਤਵਪੂਰਨ ਕਾਰਜ ਪ੍ਰਸ਼ਾਸਕੀ ਮੰਤਰਾਲਿਆਂ ਅਤੇ ਵਿਭਾਗਾਂ ਦੇ ਸਹਿਯੋਗ ਨਾਲ ਖਰਚੇ ਨੂੰ ਕੰਟਰੋਲ ਅਧੀਨ ਰੱਖਣਾ ਹੈ।

8. ਇਹ ਮੰਤਰਾਲੇ ਸੋਨੇ ਦੇ ਕੰਟਰੋਲ ਨਾਲ ਸੰਬੰਧਤ ਕਾਨੂੰਨ ਲਾਗੂ ਕਰਨ ਲਈ ਵੀ ਜ਼ਿੰਮੇਵਾਰ ਹੈ।
9. ਇਹ ਮੰਤਰਾਲੇ ਸਮੇਂ-ਸਮੇਂ ਤੇ ਖਰਚ ਕਰਨ ਵਾਲੇ ਵਿਭਾਗਾਂ ਦੀ ਵਿੱਤੀ ਸਥਿਤੀ ਦੀ ਜਾਂਚ ਕਰਦਾ ਹੈ।

ਵਿੱਤ ਮੰਤਰਾਲੇ ਦਾ ਰੋਲ (Role of Ministry of Finace):- ਉਪਰ ਦਿਤੇ ਵੇਰਵੇ ਤੋਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਵਿੱਤ ਮੰਤਰਾਲੇ ਬਾਕੀ ਸਾਰੇ ਕੇਂਦਰੀ ਮੰਤਰਾਲਿਆਂ ਨਾਲ ਵਧੇਰੇ ਮਹੱਤਵਪੂਰਨ ਸਥਾਨ ਰਖਦਾ ਹੈ। ਵਿੱਤ ਮੰਤਰਾਲੇ ਨੂੰ ਸੰਸਦ ਦੀ ਬਾਹਰਲੀ ਬਾਂਹ ਕਿਹਾ ਜਾਂਦਾ ਹੈ ਕਿਉਂਕਿ ਵਿੱਤ ਮੰਤਰਾਲੇ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਇਹ ਵਿਭਾਗਾਂ ਨੇ ਖਰਚੇ ਅਤੇ ਆਮਦਨ ਸੰਸਦ ਦੀ ਪ੍ਰਵਾਨਗੀ ਨਾਲ ਹੀ ਕਰਦੇ ਹਨ। ਸੰਸਦ ਨੂੰ ਵੀ ਇਸ ਗੱਲ ਦਾ ਯਕੀਨ ਹੁੰਦਾ ਹੈ ਕਿ ਵਿੱਤ ਮੰਤਰਾਲੇ ਇਕ ਅਜਿਹੀ ਲਾਹੇਵੰਦ ਸੰਸਥਾ ਹੈ ਜੋ ਕਿ ਸਰਕਾਰੀ ਮਸ਼ੀਨਰੀ ਵਿਚ ਵਿੱਤ ਸੰਗਠਨ ਲਈ ਜ਼ਿੰਮੇਵਾਰ ਹੈ। ਵਿੱਤ ਮੰਤਰਾਲੇ ਨਾ ਕੇਵਲ ਬਜਟ ਤਿਆਰ ਕਰਦਾ ਹੈ, ਸਭ ਬਜਟ ਨੂੰ ਲਾਗੂ ਕਰਨ ਦੌਰਾਨ ਵੀ ਆਪਣਾ ਕੰਟਰੋਲ ਜਾਰੀ ਰੱਖਦਾ ਹੈ। ਅੰਤ ਵਿਚ ਵਿੱਤ ਮੰਤਰਾਲੇ ਦੇ ਰੋਲ ਬਾਰੇ ਕਿਹਾ ਜਾ ਸਕਦਾ ਹੈ:-

1. ਇਹ ਕੇਂਦਰ ਸਰਕਾਰ ਦੀ ਆਮਦਨ ਅਤੇ ਖਰਚ ਲਈ ਜ਼ਿੰਮੇਵਾਰ ਹੈ, ਜਦੋਂ ਦੂਸਰੇ ਸਾਰੇ ਮੰਤਰਾਲੇ ਕੇਵਲ ਆਪਣੇ-ਆਪਣੇ ਮੰਤਰਾਲੇ ਨਾਲ ਸੰਬੰਧਤ ਆਮਦਨ ਅਤੇ ਖਰਚੇ ਲਈ ਜ਼ਿੰਮੇਵਾਰ ਹੁੰਦੇ ਹਨ।
2. ਵਿੱਤ ਮੰਤਰਾਲੇ ਬਾਕੀ ਸਾਰੇ ਮੰਤਰਾਲਿਆਂ ਕੀ ਮੰਗਾਂ ਪ੍ਰਵਾਨ ਕਰਦਾ ਹੈ ਅਤੇ ਸਰਕਾਰ ਦੀ ਵਿੱਤ ਸਥਿਤੀ ਨੂੰ ਮੁੱਖ ਰਖਦੇ ਹੋਏ ਵਿਭਾਗਾਂ ਦੀ ਮੰਗਾਂ ਨੂੰ ਅਪ੍ਰਵਾਨ ਵੀ ਕਰ ਸਕਦਾ ਹੈ ਅਤੇ ਸਰਕਾਰ ਦੀ ਵਿੱਤ ਆਪਣੇ ਲਈ ਨਹੀ ਸਗੋਂ ਦੂਜਿਆਂ ਲਈ ਜੀਵਤ ਰਹਿੰਦਾ ਹੈ। ਦਰਅਸਲ ਵਿੱਤ ਮੰਤਰਾਲੇ ਕੇਂਦਰ ਸਰਕਾਰ ਦਾ ਧੁਰਾ ਹੈ ਅਤੇ ਜਿਸ ਦੁਆਲੇ ਬਾਕੀ ਸਾਰੇ ਮੰਤਰਾਲੇ ਚੱਕਰ ਕਟਦੇ ਹਨ।

Books:-

1. MJ.K.Thavaraj - Financial Administration in India
2. M.P. Sharma - Public administration in theory and practice
3. Sahib Singh/Sawinder Singh - Public Personnel & Finanical Administration
4. www.finmin.nic.in

ਵਿੱਤ ਕਮਿਸ਼ਨ : ਸੰਗਠਨ, ਬਣਤਰ, ਕਾਰਜ

ਵਿੱਤ ਕਮਿਸ਼ਨ ਦੀ ਬਣਤਰ ਅਤੇ ਕਾਰਜ

ਆਦਰਸ਼ ਸੰਘਵਾਦ ਵਿਚ ਕੇਂਦਰੀ ਅਤੇ ਰਾਜ ਸਰਕਾਰ ਦੋਵਾਂ ਦਾ ਆਪਣੇ ਆਪਣੇ ਖੇਤਰਾਂ ਵਿਚ ਕਾਰਜ ਅਤੇ ਵਿੱਤੀ ਰੂਪ ਵਿੱਚ ਖੁਦਮੁਖਤਾਰੀ ਹੋਣੀ ਚਾਹੀਦੀ ਹੈ। ਅਜੇਹੀ ਖੁਦਮੁਖਤਾਰੀ ਉਦੋਂ ਪ੍ਰਭਾਵੀ ਹੋ ਸਕਦੀ ਹੈ ਜੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਕੋਈ ਵੀ ਆਪਣੀਆਂ ਵਿੱਤੀ ਲੋੜਾਂ ਕਾਰਨ ਦੂਜੇ ਤੇ ਨਿਰਭਰ ਨਾ ਕਰਦਾ ਹੋਵੇ। ਪਰ ਕਿਉਂਕਿ ਫੈਡਰੇਸ਼ਨ ਵਿਚ ਸਾਧਨ ਅਤੇ ਕਾਰਜ ਵੰਡੇ ਹੋਏ ਹਨ ਇਸ ਕਰਕੇ ਆਮ ਔਕੜ ਸਾਧਨਾਂ ਦੀ ਅਲਾਟਮੈਂਟ ਅਨੁਸਾਰ ਉਪਬੰਧ ਕਰਨ ਦੀ ਹੁੰਦੀ ਹੈ। ਭਾਰਤ ਵਿਚ ਆਮਦਨ ਵੰਡ ਦੀ ਸਮੱਸਿਆ ਨੂੰ ਸੰਵਿਧਾਨ ਵਿਚ ਦਰਜ ਲਿਖਤੀ ਵਿੱਤੀ ਉਪਬੰਧਾਂ ਰਾਹੀਂ ਹੱਲ ਕੀਤਾ ਗਿਆ ਹੈ। ਸੰਵਿਧਾਨ ਵਿਚ ਕੇਂਦਰ ਅਤੇ ਰਾਜਾਂ ਦੀ ਵੀ ਸਪੱਸ਼ਟ ਰੂਪ ਵਿਚ ਵੰਡ ਕੀਤੀ ਹੈ। ਸੰਵਿਧਾਨ ਦੇ ਨਿਰਮਾਤਾਵਾਂ ਨੇ ਸੰਤੁਲਨਕਾਰੀ ਸਾਧਨ ਵਿਚ ਲਚਕ ਦੀ ਵਧਦੀ ਲੋੜ ਨੂੰ ਮੁੱਖ ਰੱਖਦੇ ਹੋਏ ਸੰਵਿਧਾਨ ਦੇ ਅਨੁਛੇਦ 280 ਅਧੀਨ ਵਿੱਤੀ ਨਜ਼ਰਸਾਨੀ ਦਾ ਉਪਬੰਧ ਕੀਤਾ ਹੈ। ਉਕਤ ਅਨੁਛੇਦ ਵਿਚ ਉਪਬੰਧ ਕੀਤਾ ਗਿਆ ਕਿ ਰਾਸ਼ਟਰਪਤੀ ਇਸ ਸੰਵਿਧਾਨ ਦੇ ਲਾਗੂ ਹੋਣ ਦੇ ਦੋ ਸਾਲਾਂ ਅੰਦਰ ਅੰਦਰ ਅਤੇ ਇਸ ਦੇ ਹੋਰ ਪੰਜ ਸਾਲਾਂ ਤੋਂ ਪਿਛੋਂ ਜਾਂ ਇਸ ਤੋਂ ਪਹਿਲਾਂ ਅਜੇਹੇ ਸਮੇਂ ਤੇ ਜੋ ਰਾਸ਼ਟਰਪਤੀ ਉਚਿਤ ਸਮਝੇ, ਹੁਕਮ ਦੇ ਕੇ ਇਕ ਵਿੱਤ ਕਮਿਸ਼ਨ ਨਿਯੁਕਤ ਕਰ ਸਕਦਾ ਹੈ। ਇਸ ਪ੍ਰਕਾਰ ਬਣਾਇਆ ਗਿਆ ਵਿੱਤ ਕਮਿਸ਼ਨ ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਸਾਧਨਾਂ ਦੀ ਵੰਡ ਦੀਆਂ ਸਮੱਸਿਆਵਾਂ, ਸੰਘ ਅਤੇ ਰਾਜਾਂ ਵਿਚਕਾਰ ਆਮਦਨਾਂ ਦੀ ਕਸਵੱਟੀ ਅਤੇ ਬਦਲਦੇ ਹਾਲਾਤ ਵਿੱਚ ਰਾਜਾਂ ਦੀ ਕੇਂਦਰੀ ਕਰ ਦੇ ਭਾਗ ਦੀ ਅਲਾਟਮੈਂਟ ਦਾ ਨਿਰੀਖਣ ਕਰਦਾ ਹੈ। ਹੁਣ ਤਕ 11 ਵਿੱਤ ਕਮਿਸ਼ਨ ਸਥਾਪਤ ਕੀਤੇ ਜਾ ਚੁੱਕੇ ਹਨ। ਦਸਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਸ੍ਰੀ ਕੇ.ਸੀ. ਪੰਤ ਬਣਾਏ ਗਏ।

ਵਿੱਤ ਕਮਿਸ਼ਨ ਦੀ ਬਣਤਰ : ਅਨੁਛੇਦ 280 ਖੰਡਾਂ ਵਿੱਚ ਉਪਬੰਧ ਕੀਤਾ ਗਿਆ ਹੈ ਕਿ ਵਿੱਤ ਕਮਿਸ਼ਨ ਵਿੱਚ ਇੱਕ ਚੇਅਰਮੈਨ ਅਤੇ ਹੋਰ ਚਾਰ ਮੈਂਬਰ ਹੋਣਗੇ ਜੋ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਣਗੇ।

ਮੈਂਬਰਾਂ ਦੀਆਂ ਯੋਗਤਾਵਾਂ : ਅਨੁਛੇਦ 280 ਦੇ ਖੰਡ 2 ਵਿਚ ਦਰਜ ਕੀਤਾ ਗਿਆ ਕਿ ਸੰਸਦ ਕਾਨੂੰਨ ਦੁਆਰਾ ਯੋਗਤਾਵਾਂ ਨਿਸ਼ਚਿਤ ਕਰ ਸਕਦੀ ਹੈ ਜੋ ਕਮਿਸ਼ਨ ਦੇ ਮੈਂਬਰ ਬਣਨ ਲਈ ਜ਼ਰੂਰੀ ਹੋਣਗੀਆਂ ਅਤੇ ਉਹ ਢੰਗ ਵੀ ਨਿਰਧਾਰਤ ਕੀਤਾ ਜਾ ਸਕਦਾ ਹੈ ਜਿਸ ਰਾਹੀਂ ਉਹ ਚੁਣੇ ਜਾਣਗੇਂ। ਇਸ ਉਪਬੰਧ ਅਨੁਸਾਰ ਭਾਰਤੀ ਸੰਸਦ ਨੇ ਵਿੱਤ ਕਮਿਸ਼ਨ (ਫੁਟਕਲ ਉਪਬੰਧ) ਐਕਟ 1951 ਪਾਸ ਕੀਤਾ। ਇਸ ਵਿਚ ਵਿੱਤ ਕਮਿਸ਼ਨ (ਫੁਟਕਲ ਉਪਬੰਧ) ਤਰਮੀਮ ਐਕਟ, (1955) ਰਾਹੀਂ ਤਰਮੀਮ ਕੀਤੀ ਗਈ। ਸੰਸਦੀ ਐਕਟ ਵਿੱਚ ਉਪਬੰਧ ਕੀਤਾ ਗਿਆ ਹੈ ਕਿ ਕਮਿਸ਼ਨ ਦਾ ਚੇਅਰਮੈਨ ਅਜੇਹੇ ਵਿਅਕਤੀਆਂ ਵਿਚੋਂ ਚੁਣਿਆ ਜਾਵੇਗਾ ਜਿਨ੍ਹਾਂ ਦਾ ਸਰਕਾਰੀ ਮਾਮਲਿਆਂ ਸੰਬੰਧੀ ਤਜ਼ਰਬਾ ਹੋਵੇਗਾ ਅਤੇ ਚਾਰ ਮੈਂਬਰ ਅਜੇਹੇ ਵਿਅਕਤੀਆਂ ਵਿਚੋਂ ਚੁਣੇ ਜਾਣਗੇ ਜਿਨ੍ਹਾਂ ਨੇ (ੳ) ਕਿਸੇ ਹਾਈ ਕੋਰਟ ਦੇ ਜੱਜ ਦੇ ਤੌਰ ਤੇ ਨਿਯੁਕਤ ਹੋਣ ਲਈ ਯੋਗਤਾ ਪ੍ਰਾਪਤ ਲਈ ਹੋਵੇ ਜਾਂ ਯੋਗਤਾ ਪ੍ਰਾਪਤ ਹੋਣ ਜਾਂ (ਅ) ਸਰਕਾਰ ਦੇ ਵਿੱਤ ਅਤੇ ਲੇਖਿਆਂ ਸੰਬੰਧੀ ਵਿਸ਼ੇਸ਼ ਗਿਆਨ ਰੱਖਦੇ ਹੋਣ। (ੲ) ਵਿੱਤੀ ਮਾਮਲਿਆਂ ਅਤੇ ਪ੍ਰਸ਼ਾਸਨ ਦਾ ਵਿਸ਼ਾਲ ਤਜ਼ਰਬਾ ਰੱਖਦੇ ਹਨ ਜਾਂ (ਸ) ਅਰਥ ਵਿਵਸਥਾ ਦਾ ਵਿਸ਼ੇਸ਼ ਗਿਆਨ ਰੱਖਦੇ ਹੋਣ।

ਨਿੱਜੀ ਹਿੱਤ ਮੈਂਬਰਾਂ ਨੂੰ ਅਯੋਗ ਬਣਾ ਦੇਣਗੇ : ਸੰਸਦੀ ਵਿਧਾਨਕਾਰੀ ਵਿਚ ਉਪਬੰਧ ਕੀਤਾ ਗਿਆ ਹੈ ਕਿ ਕਿਸੇ ਵਿਅਕਤੀ ਨੂੰ ਕਮਿਸ਼ਨ ਦਾ ਮੈਂਬਰ ਨਿਯੁਕਤ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਤਸੱਲੀ ਕਰੇ ਗਾ ਕਿ ਅਜੇਹਾ ਕੋਈ ਵਿਅਕਤੀ ਵਿੱਤ ਜਾਂ ਹੋਰ ਹਿੱਤ ਨਹੀਂ ਰੱਖੇਗਾ ਜਿਸ ਦੀ ਕਮਿਸ਼ਨ ਦੇ ਮੈਂਬਰ ਦੇ ਤੌਰ ਤੇ ਉਸ ਦੇ ਕਾਰਜਾਂ ਤੇ ਪ੍ਰਤੀਕੂਲ ਪ੍ਰਭਾਵ ਪਾਉਣ ਦੀ ਸੰਭਾਵਨਾ ਹੋਵੇ ਅਤੇ ਰਾਸ਼ਟਰਪਤੀ ਕਮਿਸ਼ਨ ਦੇ ਹਰ ਮੈਂਬਰ ਸੰਬੰਧੀ ਸਮੇਂ-ਸਮੇਂ ਆਪਣੀ ਇਸ ਗੱਲ ਬਾਰੇ ਤਸੱਲੀ ਕਰੇਗਾ ਕਿ ਉਸ ਦਾ ਕੋਈ ਅਜੇਹਾ ਹਿੱਤ ਨਹੀਂ ਹੈ ਅਤੇ ਅਜੇ ਹਾ ਵਿਅਕਤੀ ਜੋ ਕਮਿਸ਼ਨ ਦਾ ਮੈਂਬਰ ਹੋਵੇ ਜਾਂ ਜਿਸ ਨੂੰ ਰਾਸ਼ਟਰਪਤੀ ਨਿਯੁਕਤ ਕਰਨ ਦੀ ਤਜਵੀਜ਼ ਰੱਖਦਾ ਹੋਵੇ

ਰਾਸ਼ਟਰਪਤੀ ਦੇ ਕਹਿਣ ਤੇ ਉਸ ਨੂੰ ਅਜਿਹੀ ਸੂਚਨਾ ਦੇਵਗਾ ਜੋ ਰਾਸ਼ਟਰਪਤੀ ਇਸ ਧਾਰਾ ਅਧੀਨ ਉਸ ਦੇ ਕਰਤੱਵ ਨਿਭਾਉਣ ਸੰਬੰਧੀ ਜ਼ਰੂਰੀ ਸਮਝਦਾ ਹੋਵੇ।

ਕਮਿਸ਼ਨ ਦੇ ਮੈਂਬਰ ਹੋਣ ਦੀ ਯੋਗਤਾਵਾਂ : ਅਜਿਹਾ ਕੋਈ ਵੀ ਵਿਅਕਤੀ ਕਮਿਸ਼ਨ ਦਾ ਮੈਂਬਰ ਨਿਯੁਕਤ ਹੋਣ ਦੇ ਆਯੋਗ ਹੋਵੇਗਾ :

(ੳ) ਜੇ ਉਹ ਮਾਨਸਿਕ ਰੋਗੀ ਹੋਵੇ,

(ਅ) ਜੇ ਉਹ ਅਮੁਕਤ ਦੀਵਾਲੀਆ ਹੋਵੇ,

(ੲ) ਜੇ ਉਹ ਕਿਸੇ ਨੈਤਿਕ ਪੱਧਰ ਤੇ ਦੋਸ਼ੀ ਹੋਵੇ ਅਤੇ

(ਸ) ਜੇ ਉਸ ਦਾ ਕੋਈ ਅਜੇਹਾ ਵਿੱਤੀ ਜਾਂ ਹੋਰ ਹਿੱਤ ਹੋਵੇ ਜਿਸ ਦਾ ਉਸ ਦੇ ਕਮਿਸ਼ਨ ਦੇ ਮੈਂਬਰ ਦੇ ਤੌਰ ਤੇ ਕਾਰਜਾਂ ਦੇ ਪ੍ਰਤਿਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ।

ਮੈਂਬਰਾਂ ਦੀ ਅਹੁਦਾ ਮਿਆਦ ਅਤੇ ਪੁਨਰ-ਨਿਯੁਕਤੀ ਲਈ ਪਾਤਰਤਾ : ਸੰਸਦੀ ਐਕਟ ਵਿਚ ਦਰਜ ਹੈ ਕਿ ਕਮਿਸ਼ਨ ਦਾ ਹਰ ਮੈਂਬਰ ਅਜੇਹੇ ਸਮੇਂ ਲਈ ਆਪਣੇ ਅਹੁਦੇ ਤੇ ਰਹੇਗਾ ਜਿਸ ਦਾ ਰਾਸ਼ਟਰਪਤੀ ਦੁਆਰਾ ਉਸ ਨੂੰ ਨਿਯੁਕਤ ਕਰਨ ਦੇ ਹੁਕਮ ਵਿਚ ਉਪਬੰਧ ਕੀਤਾ ਗਿਆ ਹੋਵੇ, ਪਰੰਤੂ ਉਹ ਪੁਨਰ ਨਿਯੁਕਤੀ ਦਾ ਪਾਤਰ ਹੋਵੇਗਾ। ਉਸ ਰਾਸ਼ਟਰਪਤੀ ਦੇ ਨਾਂ ਸੰਬੋਧਨ ਪੱਤਰ ਦੁਆਰਾ ਤਿਆਗ ਪੱਤਰ ਦੇ ਸਕਦਾ ਹੈ।

ਕਮਿਸ਼ਨ ਦੇ ਕਾਰਜ ਅਤੇ ਸ਼ਕਤੀਆਂ : ਅਨੁਛੇਦ 280 ਦੇ ਵਿਚ ਦਰਜ ਹੈ ਕਿ ਇਹ ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਰਾਸ਼ਟਰਪਤੀ ਨੂੰ ਨਿਮਨ ਸੰਬੰਧੀ ਸਿਫਾਰਸ਼ਾਂ ਪੇਸ਼ ਕਰੇ :

(ੳ) ਅਜਿਹੇ ਟੈਕਸਾਂ ਦੀ ਨਿਰੋਲ ਆਮਦਨ ਦੀ ਸੰਘ ਅਤੇ ਰਾਜਾਂ ਵਿਚ ਵੰਡ ਸੰਬੰਧੀ ਜੋ ਇਸ ਅਧਿਆਇ ਅਧੀਨ ਉਨ੍ਹਾਂ ਵਿਚਕਾਰ ਵੰਡੇ ਜਾਣੇ ਹਨ ਜਾਂ ਵੰਡੇ ਜਾ ਸਕਦੇ ਹਨ ਅਤੇ ਉਹ ਅਜੇਹੀਆਂ ਉਗਰਾਹੀਆਂ ਦੇ ਸੰਬੰਧਿਤ ਭਾਗਾਂ ਨੂੰ ਰਾਜਾਂ ਵਿਚਕਾਰ ਮਿੱਥਣ ਸੰਬੰਧੀ ਸਿਫਾਰਸ਼ ਕਰੇਗਾ।

(ਅ) ਭਾਰਤ ਦੇ ਸੰਚਿਤ ਫੰਡਾਂ ਵਿਚ ਰਾਜਾਂ ਦੀਆਂ ਆਮਦਨਾਂ ਲਈ ਸਹਾਇਤਾ ਗ੍ਰਾਂਟਾਂ ਤੇ ਲਾਗੂ ਹੋਣ ਵਾਲੇ ਸਿਧਾਂਤਾਂ ਸੰਬੰਧੀ।

(ੲ) ਚੰਗੀ ਵਿੱਤੀ ਵਿਵਸਥਾ ਦੀ ਰਾਸ਼ਟਰਪਤੀ ਦੁਆਰਾ ਕਮਿਸ਼ਨ ਨੂੰ ਸੌਂਪੇ ਕਿਸੇ ਹੋਰ ਮਾਮਲੇ ਸੰਬੰਧੀ, ਇਸ ਤੋਂ ਇਲਾਵਾ, ਅਨੁਛੇਦ 280 ਦੇ ਖੰਡ ਵਿਚ ਦਰਜ ਹੈ ਕਿ ਕਮਿਸ਼ਨ ਉਨ੍ਹਾਂ ਦੀ ਕਾਰਜ ਵਿਧੀ ਨਿਰਧਾਰਤ ਕਰੇਗਾ ਅਤੇ ਕਾਰਜ ਨਿਭਾਉਣ ਲਈ ਉਸ ਨੂੰ ਅਜੇਹੀਆਂ ਸ਼ਕਤੀਆਂ ਪ੍ਰਾਪਤ ਹੋਣਗੀਆਂ ਜੋ ਸੰਸਦ ਕਾਨੂੰਨ ਦੁਆਰਾ ਉਨ੍ਹਾਂ ਨੂੰ ਸੌਂਪੇ। ਸੰਸਦ ਦੁਆਰਾ ਪਾਸ ਕੀਤੇ ਵਿੱਤ ਕਮਿਸ਼ਨ ਐਕਟ ਵਿਚ ਉਪਬੰਧ ਕੀਤਾ ਗਿਆ ਹੈ ਕਿ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਕਮਿਸ਼ਨ ਨੂੰ ਨਿਮਨ ਮਾਮਲਿਆਂ ਸੰਬੰਧੀ ਕਿਸੇ ਦਾਅਵੇ ਦੀ ਸਹਾਇਤਾ ਕਰਨ ਸਮੇਂ ਜ਼ਾਬਤਾ ਦੀਵਾਨੀ 1908 ਅਧੀਨ ਦੀਵਾਨੀ ਅਦਾਲਤ ਦੇ ਸਾਰੇ ਅਧਿਕਾਰ ਪ੍ਰਾਪਤ ਹੋਣਗੇ, ਅਰਥਾਤ

(ੳ) ਗਵਾਹਾਂ ਨੂੰ ਬੁਲਾਉਣ ਅਤੇ ਉਨ੍ਹਾਂ ਦੀ ਹਾਜ਼ਰੀ ਮਜ਼ਬੂਰ ਕਰਨ ਸੰਬੰਧੀ।

(ਅ) ਕਿਸੇ ਦਸਤਾਵੇਜ਼ ਨੂੰ ਪੇਸ਼ ਕਰਾਉਣ ਸੰਬੰਧੀ ਅਤੇ

(ੲ) ਕਿਸੇ ਅਦਾਲਤ ਜਾਂ ਦਫ਼ਤਰ ਵਿਚੋਂ ਕੋਈ ਸਰਕਾਰੀ ਰਿਕਾਰਡ ਮੰਗਵਾਉਣ ਸੰਬੰਧੀ।

ਵਿੱਤ ਕਮਿਸ਼ਨ (ਫੁਟਕਲ ਐਕਟ), 1951 ਵਿਚ ਵੀ ਇਹ ਉਪਬੰਧ ਕੀਤਾ ਗਿਆ ਹੈ ਕਿ ਕਮਿਸ਼ਨ ਨੂੰ ਕਿਸੇ ਵਿਅਕਤੀ ਪਾਸੋਂ ਅਜਿਹੀਆਂ ਮਾਮਲਿਆਂ ਬਾਰੇ ਸੂਚਨਾ ਮੰਗਣ ਦਾ ਅਧਿਕਾਰ ਹੋਵੇਗਾ ਜੋ ਕਮਿਸ਼ਨ ਦੀ ਰਾਏ ਵਿਚ ਕਮਿਸ਼ਨ ਦੇ ਵਿਚਾਰ ਅਧੀਨ ਕਿਸੇ ਮਾਮਲੇ ਲਈ ਲਾਹੇਵੰਦ ਹੋ ਸਕਦੀ ਹੋਵੇ ਜਾਂ ਉਨ੍ਹਾਂ ਨਾਲ ਸੰਬੰਧਿਤ ਹੋਵੇ।

ਕਮਿਸ਼ਨ ਦਾ ਮੁੱਖ ਕੰਮ ਡਿਊਟੀਆਂ ਅਤੇ ਟੈਕਸਾਂ ਦਾ ਹਿੱਸਾ ਵੰਡ ਸੰਬੰਧੀ ਸਿਫਾਰਸ਼ ਕਰਨ, ਅਰਥਾਤ ਵੰਡ ਯੋਗ ਇਕੱਠੇ ਕੀਤੇ ਟੈਕਸਾਂ ਨੂੰ ਰਾਜਾਂ ਵਿਚਕਾਰ ਮਿੱਥਣ ਅਤੇ ਉਨ੍ਹਾਂ ਨੂੰ ਅਲਾਟ ਕੀਤੀਆਂ ਜਾਣ ਵਾਲੀਆਂ ਸਹਾਇਤਾ ਗ੍ਰਾਂਟਾਂ ਦੇ ਨਿਰਧਾਰਨ ਤਕ ਸੀਮਿਤ ਹੈ। ਵਿਕਾਸ ਮੰਤਵ ਲਈ ਸਾਧਨਾਂ ਦੀ ਵੰਡ ਯੋਜਨਾਬੰਦੀ ਕਮਿਸ਼ਨ ਦੀ ਸਲਾਹ ਨਾਲ ਸੰਘ ਸਰਕਾਰ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ। ਯੋਜਨਾ ਸਹਾਇਤਾ ਦੀ ਮਾਤਰਾ ਨਿਸ਼ਚਿਤ ਕਰਨ ਵਿਚ ਯੋਜਨਾਬੰਦੀ ਕਮਿਸ਼ਨ ਮੂਲ ਰੂਪ ਵਿਚ ਰਾਜ ਦੇ ਬਜਟੀ ਕਾਰਜਾਂ ਤੇ ਨਿਰਭਰ ਕਰਦਾ ਹੈ ਜੋ ਪੰਜ ਸਾਲਾਂ ਯੋਜਨਾ ਬਣਾਉਣ ਸਮੇਂ ਅਤੇ ਇਸ ਤੋਂ ਬਾਅਦ ਸਾਲਾਨਾ ਯੋਜਨਾਵਾਂ ਸਮੇਂ ਕੀਤੇ ਜਾਂਦੇ ਹਨ। ਕਿਉਂਕਿ ਯੋਜਨਾਬੰਦੀ

ਕਮਿਸ਼ਨ ਰਾਜਾਂ ਦੀਆਂ ਵਿਕਾਸ ਲੋੜਾਂ ਲਈ ਸਾਧਨਾਂ ਦੇ ਢੰਗ ਸੰਬੰਧੀ ਆਪਣੇ ਪੂਰਣ ਅਧਿਕਾਰ ਖੇਤਰ ਦੀ ਵਰਤੋਂ ਕਰਦਾ ਹੈ, ਇਸ ਨਾਲ ਵਿੱਤ ਕਮਿਸ਼ਨ ਦੇ ਅਧਿਕਾਰ ਖੇਤਰ ਨੂੰ ਕਾਫੀ ਧੱਕਾ ਵੱਜਾ ਹੈ। ਭਾਵੇਂ ਸੰਵਿਧਾਨਕ ਰੂਪ ਵਿਚ ਵਿੱਤ ਕਮਿਸ਼ਨ ਨੂੰ ਰਾਜਾਂ ਨੂੰ ਦਿੱਤੀ ਜਾਣ ਵਾਲੀ ਕੁਝ ਸਹਾਇਤਾ ਨੂੰ ਘੱਟ ਕਰਨ ਸੰਬੰਧੀ ਸਿਫਾਰਸ਼ਾਂ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਨੁਛੇਦ 281 ਵਿਚ ਦਰਜ ਹੈ ਕਿ ਰਾਸ਼ਟਰਪਤੀ ਇਸ ਸੰਵਿਧਾਨ ਦੇ ਉਪਬੰਧਾਂ ਅਧੀਨ ਵਿੱਤ ਕਮਿਸ਼ਨ ਦੁਆਰਾ ਕੀਤੀ ਹਰ ਇਕ ਸਿਫਾਰਸ਼ ਅਤੇ ਸੰਬੰਧੀ ਕੀਤੀ ਕਾਰਵਾਈ ਬਾਰੇ ਵਿਆਖਿਆ ਮੈਮੋਰੰਡਮ ਨੂੰ ਸੰਸਦ ਦੋਹਰੇ ਇਕ ਸਦਨ ਦੇ ਸਾਹਮਣੇ ਪੇਸ਼ ਕਰਵਾਏਗਾ।

ਸੰਵਿਧਾਨ ਦੇ ਲਾਗੂ ਹੋਣ ਤੋਂ ਅੱਜ ਤਕ 11 ਵਿੱਤ ਕਮਿਸ਼ਨ ਬੈਠ ਚੁੱਕੇ ਹਨ। ਪਹਿਲਾ ਕਮਿਸ਼ਨ 13 ਨਵੰਬਰ 1951 ਨੂੰ ਸ੍ਰੀ ਕੇ.ਸੀ. ਨਿਉਗੀ ਦੀ ਚੇਅਰਮੈਨ ਹੇਠ ਨਿਯੁਕਤ ਕੀਤਾ ਗਿਆ ਸੀ। ਦੂਜਾ ਜੂਨ 1956 ਨੂੰ ਨਿਯੁਕਤ ਕੀਤਾ ਗਿਆ ਜਿਸ ਦਾ ਚੇਅਰਮੈਨ ਸ੍ਰੀ ਕੇ. ਸਥਾਨਮ ਸੀ। ਤੀਜਾ ਕਮਿਸ਼ਨ 15 ਦਸੰਬਰ, 1960 ਨੂੰ ਸ੍ਰੀ ਅਸ਼ੋਕ ਕੁਮਾਰ ਚੰਦਾ ਦੀ ਚੇਅਰਮੈਨਸ਼ਿਪ ਅਧੀਨ ਕਾਇਮ ਕੀਤਾ ਗਿਆ। ਚੌਥਾ ਵਿੱਤ ਕਮਿਸ਼ਨ 18 ਮਈ, 1964 ਨੂੰ ਡਾ. ਪੀ.ਵੀ. ਰਾਜਮੇਨਾਰ ਦੀ ਚੇਅਰਮੈਨਸ਼ਿਪ ਅਧੀਨ ਕਾਇਮ ਕੀਤਾ ਗਿਆ। ਪੰਜਵਾਂ ਵਿੱਤ ਕਮਿਸ਼ਨ 18 ਮਈ, 1968 ਨੂੰ ਕਾਇਮ ਕੀਤਾ ਗਿਆ ਜਿਸ ਦਾ ਚੇਅਰਮੈਨ ਸ੍ਰੀ ਮਹਾਂਵੀਰ ਤਿਆਗੀ ਸੀ। ਛੇਵਾਂ ਵਿੱਤ ਕਮਿਸ਼ਨ 14 ਜੁਲਾਈ, 1972 ਨੂੰ ਡਾ. ਕੇ. ਬ੍ਰਹਮਾਨੰਦ ਰੈਡੀ ਦੀ ਚੇਅਰਮੈਨਸ਼ਿਪ ਅਧੀਨ ਕਾਇਮ ਕੀਤਾ ਗਿਆ। ਸੱਤਵਾਂ ਵਿੱਤ ਕਮਿਸ਼ਨ ਮਿ. ਜਸਟਿਸ ਜੇ.ਐਮ. ਸ਼ਲਤ ਦੀ ਚੇਅਰਮੈਨਸ਼ਿਪ ਅਧੀਨ ਕਾਇਮ ਕੀਤਾ ਗਿਆ ਸੀ। 9 ਨਵੰਬਰ 1978 ਨੂੰ ਭਾਰਤ ਸਰਕਾਰ ਨੂੰ ਇਕ ਮਹੱਤਵਪੂਰਨ ਸਿਫਾਰਸ਼ ਕੀਤੀ ਕਿ ਰਾਜਾਂ ਨੂੰ ਆਬਕਾਰੀ ਕਰ ਦੀ ਦਰ ਦੁਗਣੀ ਕਰ ਦਿੱਤੀ ਜਾਵੇ। ਭਾਰਤ ਸਰਕਾਰ ਨੇ ਇਸ ਸਿਫਾਰਸ਼ ਨੂੰ ਮੰਨ ਲਿਆ ਹੈ। 1985 ਵਿਚ ਅਠਵਾਂ ਵਿੱਤ ਕਮਿਸ਼ਨ ਸ੍ਰੀ ਵਾਈ.ਬੀ. ਚਵਾਨ (Y.B. Chavan) ਦੀ ਅਗਵਾਈ ਅਧੀਨ ਸਥਾਪਤ ਕੀਤਾ ਗਿਆ ਸੀ। ਜਿਸ ਨੇ ਜੁਲਾਈ 1984 ਵਿਚ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕਰ ਦਿੱਤੀ ਹੈ। ਨੌਵਾਂ ਵਿੱਤ ਕਮਿਸ਼ਨ ਜੂਨ 1987 ਵਿਚ ਐਨ.ਕੇ.ਪੀ. ਸਾਲਵੇ, ਐਮ.ਪੀ. ਦੀ ਅਗਵਾਈ ਹੇਠ ਸਥਾਪਤ ਹੋਇਆ। ਦਸਵਾਂ ਵਿੱਤ ਕਮਿਸ਼ਨ ਸ੍ਰੀ ਕੇ.ਸੀ. ਪੰਤ ਦੀ ਅਗਵਾਈ ਹੇਠ ਸਥਾਪਤ ਕੀਤਾ। 11ਵਾਂ ਵਿੱਤ ਕਮਿਸ਼ਨ ਏ.ਐਮ. ਖੁਸਰੋ (A.M. Khushro) ਦੀ ਪ੍ਰਧਾਨਗੀ ਹੇਠ 5 ਜੁਲਾਈ 1998 ਨੂੰ ਸਥਾਪਤ ਕੀਤਾ ਗਿਆ। ਹਰ ਇਕ ਕਮਿਸ਼ਨ ਨੂੰ ਕਮਿਸ਼ਨ ਦੇ ਵਿਚਾਰ ਗੋਚਰੇ ਕੁਝ ਵਿਸ਼ੇਸ਼ ਕਾਰਜ ਸੌਂਪੇ ਗਏ।

ਭਾਰਤੀ ਵਿੱਤ ਕਮਿਸ਼ਨ ਅਤੇ ਉਨ੍ਹਾਂ ਦੀਆਂ ਸਿਫਾਰਸ਼ਾਂ

ਪਹਿਲਾ ਵਿੱਤ ਕਮਿਸ਼ਨ : ਪਹਿਲਾ ਵਿੱਤ ਕਮਿਸ਼ਨ 1951 ਵਿਚ ਨਵੇਂ ਸੰਵਿਧਾਨ ਦੀ ਧਾਰਾ 280 (1) ਅਧੀਨ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤਾ ਗਿਆ, ਜਿਸ ਦੇ ਪ੍ਰਧਾਨ ਸ੍ਰੀ ਕੇ.ਸੀ. ਨਿਯੋਗੀ ਤੋਂ ਇਲਾਵਾ ਚਾਰ ਹੋਰ ਮੈਂਬਰ ਸਨ। ਇਸ ਕਮਿਸ਼ਨ ਨੇ ਆਪਣੀ ਰਿਪੋਰਟ ਦਸੰਬਰ 1952 ਵਿਚ ਪੇਸ਼ ਕੀਤੀ ਅਤੇ ਹੇਠ ਲਿਖੀਆਂ ਪ੍ਰਮੁੱਖ ਸਿਫਾਰਸ਼ਾਂ ਕੀਤੀਆਂ।

ਪਹਿਲੇ ਵਿੱਤ ਕਮਿਸ਼ਨ ਨੇ ਖੇਤੀਬਾੜੀ ਆਮਦਨ ਤੋਂ ਇਲਾਵਾ ਇਨਕਮ ਟੈਕਸ ਦੀ ਲਾਭ ਪ੍ਰਾਪਤੀ ਦੀ ਵੰਡ ਸਾਰੇ ਰਾਜਾਂ ਵਿਚਕਾਰ 55 ਪ੍ਰਤੀਸ਼ਤ ਅਨੁਸਾਰ 80 ਪ੍ਰਤੀਸ਼ਤ ਅਬਾਦੀ ਅਤੇ 20 ਪ੍ਰਤੀਸ਼ਤ ਕੁਲੈਕਸ਼ਨ ਦੇ ਆਧਾਰ ਅਨੁਸਾਰ ਕੀਤੀ, ਜਿਵੇਂ ਕਿ ਸਾਰਨੀ-1 ਤੋਂ ਪਤਾ ਲੱਗਦਾ ਹੈ।

ਵਿੱਤ ਕਮਿਸ਼ਨ ਕੋਲ ਪ੍ਰਤੀਨਿਧਤਾ ਕਰਦਿਆਂ ਤਕਰੀਬਨ ਸਾਰਾ ਰਾਜ ਆਮਦਨ ਕਰ ਤੋਂ ਪ੍ਰਾਪਤ ਸ਼ੁੱਧ ਆਮਦਨ ਵਿਚ ਵਧੀਕ ਪ੍ਰਤੀਸ਼ਤ ਹਿੱਸਾ ਚਾਹੁੰਦੇ ਸਨ ਅਤੇ ਇਸ ਸੰਬੰਧ ਵਿਚ ਪੱਛਮੀ ਬੰਗਾਲ ਸਰਕਾਰ ਦੇ ਵਿਚਾਰ ਨੂੰ ਨੋਟ ਕਰਨਾ ਕਾਫੀ ਦਿਲਚਸਪ ਹੈ। ਉਹ ਇਹ ਹੈ ਕਿ ਕੇਂਦਰ ਸਰਕਾਰ ਆਪਣਾ ਹਿੱਸਾ ਰੱਖਕੇ ਬਾਕੀ ਪੈਸਾ ਉਨ੍ਹਾਂ ਇਲਾਕਿਆਂ ਨੂੰ ਵਾਪਿਸ ਕਰ ਦੇਵੇ, ਜਿਥੇ ਉਹ ਕਰ ਲਾਏ ਗਏ ਸਨ। ਪਰ ਵਿੱਤ ਕਮਿਸ਼ਨ ਨੇ ਇਹ ਫੈਸਲਾ ਕੀਤਾ ਕਿ ਆਮਦਨ ਕਰ ਤੋਂ ਪ੍ਰਾਪਤ, ਜੋ ਵੰਡਣ ਯੋਗ ਪੈਸਾ ਹੈ ਉਸ ਵਿਚੋਂ ਰਾਜ ਸਰਕਾਰ ਦਾ ਹਿੱਸਾ 50 ਪ੍ਰਤੀਸ਼ਤ ਤੋਂ ਵਧਾ ਕੇ 55 ਪ੍ਰਤੀਸ਼ਤ ਕਰ ਦਿੱਤਾ ਜਾਵੇ। ਵੱਖ-ਵੱਖ ਰਾਜਾਂ ਦੇ ਪ੍ਰਤੀਸ਼ਤ ਹਿੱਸੇ ਵੰਡਣ ਲਈ ਇਸ ਵਿੱਤ ਕਮਿਸ਼ਨ ਨੇ, ਵਜੋਂ ਅਤੇ ਉਗਰਾਹੀ ਨੂੰ ਪ੍ਰਮੁੱਖ ਤੱਤ ਮੰਨਿਆ। ਵਿੱਤ ਕਮਿਸ਼ਨ ਨੇ ਇਹ ਸਿਫਾਰਸ਼ ਕੀਤੀ ਕਿ 20 ਪ੍ਰਤੀਸ਼ਤ ਤਾਂ ਰਾਜਾਂ ਵਿੱਚ ਹੋਈ ਤੁਲਨਾਤਮਕ ਉਗਰਾਹੀ ਦੇ ਆਧਾਰ ਤੇ ਵੰਡਿਆ ਜਾਵੇ ਅਤੇ 80 ਪ੍ਰਤੀਸ਼ਤ 1951 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਤੁਲਨਾਤਮਕ ਵਸੋਂ ਦੇ ਆਧਾਰ ਤੇ ਦਿੱਤਾ ਜਾਵੇ। ਪਹਿਲੇ ਵਿੱਤ ਕਮਿਸ਼ਨ ਦੁਆਰਾ ਸਾਲ 1951-52 (ਪਹਿਲੀ ਪੰਜ ਸਾਲਾ ਯੋਜਨਾ) ਤੋਂ ਲੈ ਕੇ ਸਾਲ 1990-91 ਤੋਂ 1994-95 (ਸੱਤਵੀਂ ਪੰਜ ਸਾਲਾ ਯੋਜਨਾ) ਤਕ ਸਹਾਇਤਾ ਬਾਰੇ ਸਿਫਾਰਿਸ਼ ਸਾਰਨੀ ਨੰਬਰ 3 ਦਰਸਾਈ ਗਈ ਹੈ।

ਸਾਰਨੀ-3 ਅਨੁਸਾਰ ਪਹਿਲੇ ਵਿੱਤ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਕੇਂਦਰ ਅਤੇ ਰਾਜਾਂ ਵਿਚਕਾਰ ਟੈਕਸਾਂ ਦੀ ਵੰਡ ਅਤੇ ਸਹਾਇਤਾ ਪਹਿਲੀ ਪੰਜ ਸਾਲਾ ਯੋਜਨਾ ਅਧੀਨ 447 ਕਰੋੜ ਸੀ, ਜੋ ਸੱਤਵੀਂ ਪੰਜ ਸਾਲਾ ਯੋਜਨਾ ਅਧੀਨ ਵੱਧ ਕੇ 106036 ਕਰੋੜ ਹੋ ਗਈ, ਭਾਵ 1990-95 ਤਕ 13.7-22 ਪ੍ਰਤੀਸ਼ਤ ਤਕ ਵੱਧ ਗਈ ਇਸ ਤਰ੍ਹਾਂ ਹੀ ਡਿਵੀਜ਼ੀਬਲ ਟੈਕਸ ਅਤੇ ਡਿਊਟੀ ਵਿੱਚ ਹਿੱਸੇ, ਜੋ ਕਿ ਕ੍ਰਮਵਾਰ ਪਹਿਲੀ ਪੰਜ ਸਾਲਾ ਯੋਜਨਾ 344 ਕਰੋੜ ਅਤੇ 76.99 ਪ੍ਰਤੀਸ਼ਤ ਸਨ, ਵੱਧ ਕੇ ਸਾਲ 1990-95 ਸੱਤਵੀਂ ਪੰਜ ਸਾਲਾ ਯੋਜਨਾ ਦੌਰਾਨ 87882 ਹੋ ਗਏ, ਭਾਵ ਇਸ ਵਿਚ 1.55-46 ਪ੍ਰਤੀਸ਼ਤ ਦਾ ਵਾਧਾ ਹੋਇਆ। ਜਿਸ ਤਰ੍ਹਾਂ ਸਟੈਚੂਟਰੀ ਅਤੇ ਦੂਜੀ ਸਹਾਇਤਾ, ਜੋ ਕਿ ਪਹਿਲੀ ਪੰਜ ਸਾਲਾ ਯੋਜਨਾ ਅਧੀਨ 103 ਕਰੋੜ (23.4) ਪ੍ਰਤੀਸ਼ਤ ਸੀ, ਸੱਤਵੀਂ ਪੰਜ ਸਾਲਾ ਯੋਜਨਾ ਦੌਰਾਨ ਵੱਧ ਕੇ 181.54 ਕਰੋੜ (17.13 ਪ੍ਰਤੀਸ਼ਤ), ਭਾਵ ਪੂਰੀ 76.25 ਪ੍ਰਤੀਸ਼ਤ ਹੋ ਗਈ। ਕਿਸੇ ਵੀ ਰਾਜ ਨੂੰ ਵੱਧ ਮਾਲੀ ਸਹਾਇਤਾ ਦੇਣ ਕਰਕੇ ਉਸ ਦੀ ਉੱਨਤੀ ਦੇ ਖਿਲਾਫ ਦੂਜੇ ਰਾਜਾਂ ਵਿਚ ਈਰਖਾ ਦੀ ਭਾਵਨਾ ਵੱਧ ਜਾਂਦੀ ਹੈ ਜਿਵੇ ਕਿ ਪੰਜਾਬ ਦੀ ਹਾਲਤ ਵਿਚ ਹੋਇਆ। ਭਾਰਤ ਦੇ ਸਾਰੇ ਰਾਜ ਟੈਕਸ ਘਟਾਉਣ ਦੇ ਹੱਕ ਵਿਚ ਹਨ, ਨਾ ਕਿ ਮਾਲੀ ਸਹਾਇਤਾ ਘਟਾਉਣ ਦੇ ਹੱਕ ਵਿੱਚ। ਰਾਜਾਂ ਦੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਣ ਕਰਕੇ ਰਾਜਾਂ ਦੇ ਆਰਥਿਕ ਹਾਲਾਤ ਨੂੰ ਸਥਿਰ ਰੱਖਣ ਲਈ ਕਰਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਰ ਮਾਲੀ ਸਹਾਇਤਾ ਲੰਮੇ ਸਮੇਂ ਤੋਂ ਸਥਿਰ ਹੈ, ਜਿਸ ਦੀ ਕੀਮਤ ਸਮੇਂ ਦੇ ਗੁਜਰਨ ਨਾਲ ਅਤੇ ਆਬਾਦੀ ਵਿਚ ਅਥਾਹ ਵਾਧਾ ਹੋਣ ਕਰਕੇ ਦਿਨੋ ਦਿਨ ਘੱਟਦੀ ਜਾ ਰਹੀ ਹੈ।

ਇੰਨਕਮ ਟੈਕਸ ਡਿਵੀਜ਼ੀਬਲ ਪੂਲ ਅੰਦਰ ਰਾਜਾਂ ਦਾ ਅਨੁਪਾਤਿਕ ਹਿੱਸਾ ਸਾਰਨੀ ਨੰ. 4 ਰਾਹੀਂ ਦਰਸਾਇਆ ਗਿਆ ਹੈ। ਪੰਜਵੇਂ ਵਿੱਤ ਕਮਿਸ਼ਨ ਦੁਆਰਾ ਪੰਜਾਬ ਦਾ ਹਿੱਸਾ 5.57 ਪ੍ਰਤੀਸ਼ਤ ਮਿੱਥਿਆ ਗਿਆ, ਪਰ ਇਹ ਸੱਤਵੇਂ ਅੱਠਵੇਂ ਤੇ ਨੌਵੇਂ ਵਿੱਤ ਕਮਿਸ਼ਨ ਦੁਆਰਾ 2.73 ਪ੍ਰਤੀਸ਼ਤ, 1.744 ਪ੍ਰਤੀਸ਼ਤ ਅਤੇ 1.706 ਪ੍ਰਤੀਸ਼ਤ ਮਿੱਥਣ ਦੀ ਸਿਫਾਰਸ਼ ਕੀਤੀ ਗਈ। ਇਹ ਕਰਾਂ ਵਿਚ ਇਕਸਾਰਤਾ ਦੀ ਭਾਵਨਾ ਨਾਲ ਮਿਥਿਆ ਗਿਆ ਪਰ ਪੱਛੜੇ ਹੋਏ ਰਾਜ ਜਿਵੇਂ ਕਿ ਮੱਧ ਪ੍ਰਦੇਸ਼, ਉੜੀਸਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਨੇ ਵਸੋਂ ਅਤੇ ਗਰੀਬੀ ਰੇਖਾ ਤੋਂ ਹੇਠ ਹੋਣ ਕਰਕੇ ਇਸ ਫਾਰਮੂਲੇ ਦਾ ਵਿਰੋਧ ਕੀਤਾ।

ਪਹਿਲੇ ਵਿੱਤ ਕਮਿਸ਼ਨ ਨੇ ਇੰਨਕਮ ਟੈਕਸ ਡਿਵੀਜ਼ੀਬਲ ਪੂਲ ਦਾ ਹਿੱਸਾ ਖਾਸ ਤੌਰ ਤੇ ਪੰਜਾਬ ਦਾ 3.25 ਪ੍ਰਤੀਸ਼ਤ ਅਤੇ ਨੌਵੇਂ ਵਿੱਤ ਕਮਿਸ਼ਨ ਨੇ 1.706 ਪ੍ਰਤੀਸ਼ਤ ਮਿਥਿਆ ਜੋ ਕਿ ਉਪਰੋਕਤ ਸਾਰਨੀ ਰਾਹੀ ਦਰਸਾਇਆ ਗਿਆ ਹੈ।

ਦੂਜਾ ਵਿੱਤ ਕਮਿਸ਼ਨ : ਭਾਰਤ ਦੇ ਰਾਸ਼ਟਰਪਤੀ ਨੇ ਜੂਨ 1956 ਵਿਚ ਸ੍ਰੀ ਕੇ. ਸਨਥਾਨਮ ਦੀ ਪ੍ਰਧਾਨਗੀ ਅੰਦਰ ਦੂਜਾ ਵਿੱਤ ਕਮਿਸ਼ਨ ਨਿਯੁਕਤ ਕੀਤਾ ਇਸ ਕਮਿਸ਼ਨ ਨਿਯੁਕਤ ਕੀਤਾ ਅਤੇ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਸਤੰਬਰ 1957 ਵਿੱਚ ਪੇਸ਼ ਕੀਤੀ। ਇਸ ਦੀਆਂ ਸਿਫਾਰਸ਼ਾਂ ਸਰਕਾਰ ਵੱਲੋਂ ਮੰਨ ਲਈਆਂ ਗਈਆਂ।

ਦੂਜੇ ਵਿੱਤ ਕਮਿਸ਼ਨ ਦੀ ਪਹਿਲੀ ਸਿਫਾਰਸ਼ ਅਨੁਸਾਰ ਕਿਸੇ ਵੀ ਵਿੱਤੀ ਸਾਲ ਵਿਚ ਆਮਦਨ ਅਤੇ ਟੈਕਸਾਂ ਦੀ ਵੰਡ ਦਾ ਪ੍ਰਤੀਸ਼ਤ ਹਿੱਸਾ ਖੇਤੀ ਆਮਦਨ ਤੋਂ ਇਲਾਵਾ, ਜੋ ਰਾਜਾਂ ਨੂੰ ਦਿੱਤਾ ਜਾਣਾ ਸੀ ਉਸ ਬਾਰੇ ਇਸ ਕਮਿਸ਼ਨ ਨੇ ਮਹਿਸੂਸ ਕੀਤਾ ਕਿ ਰਾਜਾਂ ਦੀ ਸਰਬਸਮੰਤੀ ਨਾਲ 55 ਪ੍ਰਤੀਸ਼ਤ ਤੋਂ 60 ਪ੍ਰਤੀਸ਼ਤ ਕਰਨਾ ਠੀਕ ਹੈ। ਪਰ ਕਮਿਸ਼ਨ ਨੇ ਆਮਦਨ ਕਰ ਦੇ ਰਾਜਾਂ ਵਿੱਚ ਵੰਡਣ ਦੇ ਪ੍ਰਤੀਸ਼ਤ ਫਾਰਮੂਲੇ ਦਾ ਢਾਂਚਾ ਬਦਲ ਦਿੱਤਾ। ਇਸ ਕਮਿਸ਼ਨ ਨੇ ਆਬਾਦੀ ਦੇ ਆਧਾਰ ਤੇ 90 ਪ੍ਰਤੀਸ਼ਤ ਅਤੇ ਉਗਰਾਹੀ ਦੇ ਆਧਾਰ ਤੇ 10 ਪ੍ਰਤੀਸ਼ਤ ਕਰ ਦਿੱਤਾ। (ਉਪਰੋਕਤ ਵੇਰਵਾ ਸਾਰਨੀ ਨੰ. 1 ਵਿੱਚ ਦਰਸਾਇਆ ਗਿਆ ਹੈ) ਦੂਜੇ ਵਿੱਤ ਕਮਿਸ਼ਨ ਦਾ ਵਿਚਾਰ ਸੀ ਕਿ ਰਾਜਾਂ ਨੂੰ ਦਿੱਤੇ ਜਾਣ ਵਾਲੇ ਹਿੱਸਿਆਂ ਦੀ ਵੰਡ ਆਬਾਦੀ ਦੇ ਆਧਾਰ ਉਤੇ ਹੋਣੀ ਚਾਹੀਦੀ ਹੈ ਅਤੇ ਇਸ ਕਮਿਸ਼ਨ ਨੇ ਉਗਰਾਹੀ ਦਾ ਤੱਤ ਬਿਲਕੁਲ ਹੀ ਘਟਾ ਦਿੱਤਾ, ਪਰ ਬਾਅਦ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਅਜੇ ਰਾਜਾਂ ਦਾ ਹਿੱਸਾ 10 ਪ੍ਰਤੀਸ਼ਤ ਉਗਰਾਹੀ ਦੇ ਆਧਾਰ ਉੱਤੇ ਅਤੇ 90 ਪ੍ਰਤੀਸ਼ਤ ਵਸੋਂ ਦੇ ਆਧਾਰ ਤੇ ਕਰ ਦਿੱਤਾ ਜਾਵੇ।

ਤੀਜਾ ਵਿੱਤ ਕਮਿਸ਼ਨ : ਸ੍ਰੀ. ਏ.ਕੇ. ਚੰਦਾ ਦੀ ਪ੍ਰਧਾਨਗੀ ਅਧੀਨ ਤੀਜਾ ਵਿੱਤ ਕਮਿਸ਼ਨ ਭਾਰਤ ਦੇ ਰਾਸ਼ਟਰਪਤੀ ਵੱਲੋਂ 1961 ਵਿੱਚ ਨਿਯੁਕਤ ਕੀਤਾ ਗਿਆ ਅਤੇ ਇਸ ਕਮਿਸ਼ਨ ਨੇ ਦਸੰਬਰ 1962 ਵਿੱਚ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ। ਤੀਜੇ ਵਿੱਤ ਕਮਿਸ਼ਨ ਦੀ ਰਿਪੋਰਟ ਵਿੱਚ ਕਮਿਸ਼ਨ ਦੇ ਮੈਂਬਰਾਂ ਦੀ ਸਰਬਸੰਮਤੀ ਨਹੀਂ ਸੀ ਕਿਉਂਕਿ ਇਸ ਵਿਚ ਇਸ ਦੇ ਸਕੱਤਰ ਮੈਂਬਰ ਸ੍ਰੀ ਜੀ.ਆਰ. ਕਾਮ ਵੱਲੋਂ ਅਸਹਿਮਤੀ ਦਾ ਨੋਟ ਵੀ ਸੀ ਅਤੇ ਇਹ ਨੋਟ ਸੰਚਾਰ ਵਿਚ ਸੁਧਾਰ ਲਿਆਉਣ ਲਈ ਵਿਸ਼ੇਸ਼ ਅਨੁਦਾਨ ਦੀ ਅਦਾਇਗੀ ਬਾਰੇ ਅਤੇ

ਰਾਜਾਂ ਨੂੰ ਸਹਾਇਤਾ ਦੇਣ ਲਈ ਇਨ੍ਹਾਂ ਦੀਆਂ ਯੋਜਨਾਵਾਂ ਉੱਤੇ ਹੋਣ ਵਾਲੇ ਖਰਚੇ ਦੇ 75 ਪ੍ਰਤੀਸ਼ਤ ਭਾਗ ਨੂੰ ਆਪਣੀਆਂ ਸਿਫਾਰਸ਼ਾਂ ਵਿਚ ਸ਼ਾਮਲ ਕਰਨ ਬਾਰੇ ਸੀ। ਸਰਕਾਰ ਨੇ ਤੀਜੇ ਵਿੱਤ ਕਮਿਸ਼ਨ ਦੀਆਂ ਸਾਰੀਆਂ ਸਰਬਸੰਮਤੀ ਵਾਲੀਆਂ ਸਿਫਾਰਸ਼ਾਂ ਮੰਨ ਲਈਆਂ ਅਤੇ ਇਹ ਸਿਫਾਰਸ਼ਾਂ ਮੰਨਣ ਨਾਲ ਰਾਜ ਸਰਕਾਰ ਨੂੰ ਅਪ੍ਰੈਲ 1962 ਤੋਂ 35 ਕਰੋੜ ਰੁਪਏ ਵਾਧੂ ਪ੍ਰਾਪਤ ਹੋਣੇ ਸ਼ੁਰੂ ਹੋ ਗਏ। ਕਿਉਂਕਿ ਤੀਜੇ ਵਿੱਤ ਕਮਿਸ਼ਨ ਨੇ ਰਾਜਾਂ ਦਾ ਆਮਦਨ ਕਰ ਹਿੱਸਾ 60 ਪ੍ਰਤੀਸ਼ਤ ਤੋਂ ਵਧਾ ਕੇ 66 ਪ੍ਰਤੀਸ਼ਤ ਕਰ ਦਿੱਤਾ। ਭਾਰਤ ਸਰਕਾਰ ਨੇ ਤੀਜੇ ਵਿੱਤ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਸੰਚਾਰ ਵਿਚ ਸੁਧਾਰ ਲਿਆਉਣ ਲਈ ਵਿਸ਼ੇਸ਼ ਅਨੁਦਾਨ ਦੇਣ ਲਈ ਦਿੱਤੀ ਗਈ ਬਹੁ-ਸੰਮਤੀ ਦੀ ਸਿਫਾਰਸ਼ ਵੀ ਮੰਨ ਲਈ।

ਤੀਜੇ ਵਿੱਤ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਰਾਜਾਂ ਨੂੰ ਆਮਦਨ ਕਰ 66.23 ਪ੍ਰਤੀਸ਼ਤ ਅਤੇ ਉਤਪਾਦਨ ਕਰਾਂ ਦਾ 20 ਪ੍ਰਤੀਸ਼ਤ ਹਿੱਸਾ ਪ੍ਰਾਪਤ ਹੋਇਆ ਅਤੇ ਇਸ ਕਮਿਸ਼ਨ ਦੀ ਸਿਫਾਰਸ਼ ਤਹਿਤ ਰਾਜਾਂ ਦਾ ਸਾਲਾਨਾ ਅਨੁਦਾਨ 39.5 ਕਰੋੜ ਤੋਂ ਵਧਾ ਕੇ 52 ਕਰੋੜ ਕਰ ਦਿੱਤਾ ਅਤੇ ਇਸ ਕਮਿਸ਼ਨ ਦੀ ਸਿਫਾਰਸ਼ ਤਹਿਤ 80 ਪ੍ਰਤੀਸ਼ਤ ਉਗਰਾਹੀ ਦੇ ਆਧਾਰ ਤੇ ਵੰਡਿਆ ਜਾਣ ਲੱਗਾ (ਸਾਰਨੀ 1)।

ਸਾਲ 1962 ਦੇ ਚੀਨੀ ਹਮਲੇ ਸਮੇਂ ਭਾਰਤ ਸਰਕਾਰ ਨੇ ਇਨਕਮ ਟੈਕਸ ਉੱਤੇ ਇਹ ਹੋਰ ਟੈਕਸ ਲਾਇਆ, ਜਿਸ ਨੂੰ ਸਰਚਾਰਜ ਦਾ ਨਾਂ ਦਿੱਤਾ ਗਿਆ। ਉਸ ਸਮੇਂ ਇਹ ਟੈਕਸ ਆਰਜ਼ੀ ਤੌਰ ਤੇ ਸੈਨਿਕ ਖਰਚੇ ਵਿਚ ਵਾਧਾ ਕਰਨ ਲਈ ਲਾਇਆ ਗਿਆ ਸੀ ਅਤੇ ਇਸ ਟੈਕਸ ਤੋਂ ਹੋਣ ਵਾਲੀ ਆਮਦਨ ਕੇਂਦਰੀ ਸਰਕਾਰ ਨੂੰ ਜਾਣੀ ਸੀ ਅਤੇ ਇਸ ਵਿਚ ਰਾਜਾਂ ਦਾ ਕੋਈ ਵੀ ਹਿੱਸਾ ਨਹੀਂ ਸੀ। ਪਰ ਚੀਨੀ ਹਮਲੇ ਤੋਂ ਪਿੱਛੋਂ ਵੀ ਕੇਂਦਰੀ ਸਰਕਾਰ ਨੇ ਇਸ ਟੈਕਸ ਨੂੰ ਖ਼ਤਮ ਨਹੀਂ ਕੀਤਾ, ਸਗੋਂ ਆਮਦਨ ਕਰ ਵਿਚ ਜ਼ਿਆਦਾ ਕਰ ਵਿਚ ਜ਼ਿਆਦਾ ਵਾਧਾ ਸਰਚਾਰਜ ਵਾਲੀ ਮੱਦ ਵਿਚ ਹੀ ਕੀਤਾ ਗਿਆ। ਇਸ ਤਰ੍ਹਾਂ ਇਕ ਅਸਿੱਧੇ ਢੰਗ ਰਾਹੀਂ ਕੇਂਦਰੀ ਸਰਕਾਰ ਨੇ ਲੰਬੇ ਸਮੇਂ ਲਈ ਰਾਜਾਂ ਨੂੰ ਇਸ ਆਮਦਨ ਵਿੱਚੋਂ ਉਨ੍ਹਾਂ ਦੇ ਹਿੱਸੇ ਤੋਂ ਵਾਂਝਿਆ ਰੱਖਿਆ ਗਿਆ।

ਚੌਥਾ ਵਿੱਤ ਕਮਿਸ਼ਨ : ਭਾਰਤ ਦੇ ਰਾਸ਼ਟਰਪਤੀ ਦੁਆਰਾ ਮਈ 1964 ਵਿਚ ਸ੍ਰੀ ਪੀ.ਵੀ. ਰਾਜਾਰਾਮਨ ਦੀ ਪ੍ਰਧਾਨਗੀ ਹੇਠ ਚੌਥਾ ਵਿੱਤ ਕਮਿਸ਼ਨ ਨਿਯੁਕਤ ਕੀਤਾ ਗਿਆ ਅਤੇ ਇਸ ਵਿੱਤ ਕਮਿਸ਼ਨ ਨੇ ਆਪਣੀ ਰਿਪੋਰਟ ਅਗਸਤ 1965 ਨੂੰ ਸਰਕਾਰ ਨੂੰ ਕੀਤੀ। ਇਸ ਵਿੱਤ ਕਮਿਸ਼ਨ ਦੀ ਰਿਪੋਰਟ ਅਤੇ ਇਸ ਦੇ ਨਾਲ ਹੀ ਸਰਕਾਰ ਦਾ ਫੈਸਲਾ ਵਿੱਤ ਮੰਤਰੀ ਵੱਲੋਂ ਸਤੰਬਰ 1965 ਵਿਚ ਸੰਸਦ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਚੌਥੇ ਵਿੱਤ ਕਮਿਸ਼ਨ ਨੇ ਆਮਦਨ ਕਰ ਵਿਚ ਰਾਜ ਸਰਕਾਰਾਂ ਦਾ ਹਿੱਸਾ 66.2 ਪ੍ਰਤੀਸ਼ਤ ਤੋਂ ਵਧਾ ਕੇ 75 ਪ੍ਰਤੀਸ਼ਤ ਕਰ ਦਿੱਤਾ ਅਤੇ ਸਾਲਾਨਾ ਅਨੁਦਾਨ ਤਕਰੀਬਨ 64 ਕਰੋੜ ਤੋਂ ਵਧਾ ਕੇ 140 ਕਰੋੜ ਕਰ ਦਿੱਤਾ। ਭਾਰਤ ਸਰਕਾਰ ਨੇ ਚੌਥੇ ਵਿੱਤ ਕਮਿਸ਼ਨ ਦੀਆਂ ਉਹ ਸਾਰੀਆਂ ਸਿਫਾਰਸ਼ਾਂ ਮੰਨ ਲਈਆਂ ਜੋ ਕਿ ਮੈਂਬਰਾਂ ਦੇ ਬਹੁਮਤ ਵਿਚਾਰਾਂ ਦੀਆਂ ਪ੍ਰਤੀਕ ਸਨ।

ਚੌਥੇ ਵਿੱਤ ਕਮਿਸ਼ਨ ਨੂੰ 80 ਪ੍ਰਤੀਸ਼ਤ ਵਸੋਂ ਅਤੇ 20 ਪ੍ਰਤੀਸ਼ਤ ਉਗਰਾਹੀ ਆਧਾਰ ਮੰਨਿਆ ਗਿਆ। ਜਿਥੋਂ ਤੱਕ ਉਤਪਾਦਨ ਕਰਾਂ ਦਾ ਸੰਬੰਧ ਹੈ, ਉਥੇ ਚੌਥੇ ਵਿੱਤ ਕਮਿਸ਼ਨ ਦੁਆਰਾ ਕੋਈ ਤਬਦੀਲੀ ਨਹੀਂ ਕੀਤੀ ਗਈ ਅਤੇ ਇਕੱਠੀ ਕੀਤੀ ਗਈ ਕੁਲ ਰਕਮ ਦਾ 20 ਪ੍ਰਤੀਸ਼ਤ ਉਨ੍ਹਾਂ ਨੂੰ ਮਿਲਦਾ ਰਹੇਗਾ (ਸਾਰਨੀ-1)।

ਪੰਜਵਾਂ ਵਿੱਤ ਕਮਿਸ਼ਨ : ਪੰਜਵਾਂ ਵਿੱਤ ਕਮਿਸ਼ਨ, ਜਿਹੜਾ ਕਿ 1968 ਵਿਚ ਮਹਾਂਵੀਰ ਤਿਆਗੀ ਦੀ ਪ੍ਰਧਾਨਗੀ ਅਧੀਨ ਭਾਰਤ ਦੇ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤਾ ਗਿਆ, ਨੇ ਆਪਣੀ ਰਿਪੋਰਟ ਜੁਲਾਈ 1969 ਵਿੱਚ ਭਾਰਤ ਸਰਕਾਰ ਨੂੰ ਪੇਸ਼ ਕੀਤੀ। ਪੰਜਵੇਂ ਵਿੱਤ ਕਮਿਸ਼ਨ ਵੱਲੋਂ ਰਾਜਾਂ ਦੇ ਬਜਟਾਂ ਵਿਚ ਅੰਦਾਜ਼ਨ ਘਾਟੇ ਨੂੰ ਪੂਰਾ ਕਰਨ ਵਾਸਤੇ, ਜੋ ਸੁਪਰਦਗੀ ਦੀ ਸਕੀਮ ਚਾਲੂ ਕੀਤੀ ਗਈ ਸੀ, ਉਸ ਵਿਚ ਇਹ ਪਹਿਲੇ ਕਮਿਸ਼ਨਾਂ ਨਾਲ ਸਹਿਮਤ ਸੀ ਕਿ ਇਹ ਘਾਟਾ ਕਰ ਦੀ ਵਿਰਾਸਤ ਅਨੁਸਾਰ ਪੂਰਾ ਕਰਨਾ ਚਾਹੀਦਾ ਹੈ। ਪਰ ਅਨੁਦਾਨਾਂ ਰਾਹੀਂ ਨਹੀਂ। ਇਸ ਲਈ ਇਸ ਕਮਿਸ਼ਨ ਨੇ ਅਗਾਊਂ ਕਰਾਂ ਦੀ ਉਗਰਾਹੀ ਜਮ੍ਹਾਂ ਕਰਕੇ ਆਮਦਨ ਕਰ ਦੀ ਵੰਡਣ ਯੋਗ ਰਾਸ਼ੀ ਵਧਾ ਦਿੱਤੀ ਅਤੇ ਉਤਪਾਦਨ ਕਰਾਂ ਵਿਚ ਵਿਸ਼ੇਸ਼ ਉਤਪਾਦਨ ਕਰ ਮਿਲਾ ਕੇ ਇਸ ਦਾ ਆਧਾਰ ਵੱਡਾ ਕਰ ਦਿੱਤਾ। ਪਰ ਰਾਜਾਂ ਦੀ ਆਮਦਨ ਕਰ ਹਿੱਸਾ 75 ਪ੍ਰਤੀਸ਼ਤ ਅਤੇ ਉਤਪਾਦਨ ਕਰ 20 ਪ੍ਰਤੀਸ਼ਤ ਹੀ ਰਹਿਣ ਦਿੱਤਾ ਗਿਆ ਭਾਵੇਂ ਆਮਦਨ ਕਰ ਦੀ ਵੰਡਣ ਯੋਗ ਰਾਸ਼ੀ ਵਿਚ ਰਾਜਾਂ ਦੇ ਹਿੱਸੇ ਵਿਚ ਕੋਈ ਤਬਦੀਲੀ ਨਹੀਂ ਆਈ ਫੇਰ ਵੀ ਇਸ ਕਮਿਸ਼ਨ ਅਨੁਸਾਰ ਅਗਾਊਂ ਆਮਦਨ ਕਰ ਦੀ ਬਕਾਇਆ ਰਕਮ ਜੋ ਕਿ (400 ਕਰੋੜ ਦੇ ਕਰੀਬ ਸੀ) ਚੌਥੀ ਯੋਜਨਾ ਵਿਚ ਕਿਸ਼ਤਾਂ ਵਿਚ ਦਿੱਤੀ ਜਾਣ ਦੀ ਸਿਫਾਰਸ਼ ਕੀਤੀ ਗਈ। ਨਤੀਜੇ ਵਜੋਂ ਆਮਦਨ ਕਰ ਵਿਚ ਰਾਜਾਂ ਦਾ ਹਿੱਸਾ (1968-69) ਵਿੱਚ 195 ਕਰੋੜ ਹੋ ਗਿਆ।

ਸਾਰਨੀ 1 : ਵਿੱਤ ਕਮਿਸ਼ਨ ਦੁਆਰਾ ਇੰਨਕਮ ਟੈਕਸ ਦੀ ਰਾਜਾਂ ਵਿਚਕਾਰ ਵੰਡ ਦੀਆਂ ਸਿਫਾਰਸ਼ਾਂ

ਲੜੀ ਨੰ.	ਵਿੱਤ ਕਮਿਸ਼ਨ ਅਨੁਸਾਰ	ਸੀਮਾ ਖੇਤਰ	ਰਾਜਾਂ ਦੀ ਪ੍ਰਤੀਸ਼ਤਤਾ	ਵੰਡ ਪ੍ਰਣਾਲੀ ਹਿੱਸਾ	ਟਿੱਪਣੀ
1.	ਪਹਿਲ ਵਿੱਤ ਕਮਿਸ਼ਨ ਨਵੰਬਰ 30, 1951 ਤੋਂ ਦਸੰਬਰ 30, 1952 ਤਕ	ਖੇਤੀਬਾੜੀ ਆਮਦਨ ਤੋਂ ਇਲਾਵਾ ਇੰਨਕਮ ਟੈਕਸ ਦੀ ਲਾਭ ਪ੍ਰਾਪਤੀ	55	80 ਪ੍ਰਤੀਸ਼ਤ ਆਬਾਦੀ 20 ਪ੍ਰਤੀਸ਼ਤ ਕੁਲੈਕਸ਼ਨ	
2.	ਦੂਜਾ ਵਿੱਤ ਕਮਿਸ਼ਨ ਜੂਨ 1, 1956 ਤੋਂ ਸਤੰਬਰ 30, 1957 ਤਕ	ਕੇਂਦਰੀ ਫੰਡਾਂ ਦੀ ਲਾਭ ਪ੍ਰਾਪਤ ਤੋਂ ਬਗੈਰ	60	90 ਪ੍ਰਤੀਸ਼ਤ ਵਸੋਂ 10 ਪ੍ਰਤੀਸ਼ਤ ਕੁਲੈਕਸ਼ਨ	100 ਪ੍ਰਤੀਸ਼ਤ ਵਸੋਂ
3.	ਤੀਜਾ ਵਿੱਤ ਕਮਿਸ਼ਨ ਦਸੰਬਰ 15, 1961 ਤੋਂ ਦਸੰਬਰ 14, 1962 ਤਕ	....	66	80 ਪ੍ਰਤੀਸ਼ਤ ਵਸੋਂ 20 ਪ੍ਰਤੀਸ਼ਤ ਕੁਲੈਸ਼ਨ	
4.	ਚੌਥਾ ਵਿੱਤ ਕਮਿਸ਼ਨ ਮਈ 18, 1964 ਤੋਂ ਅਗਸਤ 12, 1964 ਤਕ	....	75	80 ਪ੍ਰਤੀਸ਼ਤ ਵਸੋਂ 10 ਪ੍ਰਤੀਸ਼ਤ ਕੁਲੈਕਸ਼ਨ	
5.	ਪੰਜਵਾਂ ਵਿੱਤ ਕਮਿਸ਼ਨ ਮਾਰਚ 15, 1968 ਤੋਂ ਜੂਨ 31, 1969 ਤਕ	ਅਗੇਤਾ ਟੈਕਸ ਕੱਢ ਕੇ	75	90 ਪ੍ਰਤੀਸ਼ਤ ਵਸੋਂ 10 ਪ੍ਰਤੀਸ਼ਤ ਅਸੈਸਮੈਂਟ	
6.	ਛੇਵਾਂ ਵਿੱਤ ਕਮਿਸ਼ਨ ਜੁਲਾਈ 1972 ਤੋਂ ਅਕਤੂਬਰ 31, 1973 ਤਕ	ਕੋਈ ਤਬਦੀਲੀ ਨਹੀਂ	80	90 ਪ੍ਰਤੀਸ਼ਤ ਵਸੋਂ 10 ਪ੍ਰਤੀਸ਼ਤ ਅਸੈਸਮੈਂਟ	
7.	ਸੱਤਵਾਂ ਵਿੱਤ ਕਮਿਸ਼ਨ ਜੂਨ 23, 1977 ਤੋਂ ਅਕਤੂਬਰ 31, 1978 ਤਕ	ਕੋਈ ਤਬਦੀਲੀ ਨਹੀਂ	85	90 ਪ੍ਰਤੀਸ਼ਤ ਵਸੋਂ 10 ਪ੍ਰਤੀਸ਼ਤ ਅਸੈਸਮੈਂਟ	
8.	ਅੱਠਵਾਂ ਵਿੱਤ ਕਮਿਸ਼ਨ ਜੂਨ 20, 1982 ਤੋਂ ਅਪ੍ਰੈਲ 30, 1984 ਤਕ	ਕੋਈ ਤਬਦੀਲੀ ਨਹੀਂ	85	90 ਪ੍ਰਤੀਸ਼ਤ ਆਬਾਦੀ 10 ਪ੍ਰਤੀਸ਼ਤ ਅਸੈਸਮੈਂਟ	

9.	ਨੌਵਾਂ ਵਿੱਤ ਕਮਿਸ਼ਨ 1987 ਤੋਂ 1990	ਕੋਈ ਤਬਦੀਲੀ ਨਹੀਂ ਇੰਨਕਮ ਟੈਕਸ ਦੀ ਲਾਭ ਪ੍ਰਾਪਤੀ	– –	(ੳ) 25 ਪ੍ਰਤੀਸ਼ਤ ਵਸੋਂ ਦੇ ਆਧਾਰ ਤੇ (ਅ) ਵਸੋਂ ਨੂੰ ਪ੍ਰਤੀ ਵਿਅਕਤੀ ਆਮਦਨ ਨਾਲ ਗੁਣਾਂ ਕਰਕੇ ਉਸ ਦਾ 25 ਪ੍ਰਤੀਸ਼ਤ (ੲ) ਵਸੋਂ ਨੂੰ ਪ੍ਰਤੀ ਵਿਅਕਤੀ ਆਮਦਨ ਨਾਲ ਗੁਣਾ ਕਰਕੇ ਅਤੇ ਦਸ ਤੋਂ ਵੱਧ ਪ੍ਰਤੀ ਵਿਅਕਤੀ ਆਮਦਨ ਦੇ ਅੰਤਰ ਦੇ ਆਧਾਰ ਤੇ ਉਸ ਦਾ 50 ਪ੍ਰਤੀਸ਼ਤ
10.	ਦਸਵਾਂ ਵਿੱਤ ਕਮਿਸ਼ਨ	ਰਾਜਾਂ ਦੀ ਕ੍ਰਮਵਾਰ ਵੰਡ ਕੁਲੈਕਸ਼ਨ ਦੇ ਆਧਾਰ ਤੇ (15 ਸਾਲ ਲਈ) 29% ਕੁਲੈਕਸ਼ਨ ਦੇ ਆਧਾਰ ਤੇ ਅਤੇ 70% ਵਸੋਂ ਦੇ ਆਧਾਰ ਤੇ, ਇਸ ਸਿਫਾਰਸ਼ ਰਾਹੀਂ ਕੇਂਦਰ ਸਰਕਾਰ 29% ਰੈਵਨਿਊ ਕੁਲੈਕਸ਼ਨ 'ਚ ਰਾਜਾਂ ਤੇ ਭਾਗੀਦਾਰ ਹੋਵੇ।		
11.	ਗਿਆਰਵਾਂ ਵਿੱਤ ਕਮਿਸ਼ਨ 1995 ਤੋਂ 2000	30% ਕੁਲੈਕਸ਼ਨ ਦੇ ਆਧਾਰ ਤੇ 70% ਵਸੋਂ ਦੇ ਆਧਾਰ ਤੇ ਇਸ ਸਿਫਾਰਸ਼ ਰਾਹੀਂ ਕੇਂਦਰ ਸਰਕਾਰ 28 ਰੈਵਨਿਊ ਕੁਲੈਕਸ਼ਨ 'ਚ ਰਾਜਾਂ ਦੇ ਭਾਗੀਦਾਰ ਹੋਵੇ।		(ੳ) ਯੋਗਦਾਨ ਦੇ ਆਧਾਰ ਤੇ 10 ਪ੍ਰਤੀਸ਼ਤ (ਅ) ਰਾਜ ਦੀ ਪ੍ਰਤੀ ਵਿਅਕਤੀ ਆਮਦਨ ਅਤੇ ਸਭ ਤੋਂ ਵੱਧ ਪ੍ਰਤੀ ਵਿਅਕਤੀ ਆਮਦਨ ਦੇ ਅੰਤਰ ਦੇ 45 ਪ੍ਰਤੀਸ਼ਤ (ੲ) 25 ਪ੍ਰਤੀਸ਼ਤ ਵਸੋਂ ਦੇ ਆਧਾਰ ਤੇ (ਸ) 11.25 ਪ੍ਰਤੀਸ਼ਤ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਤੇ ਇਹ ਗੱਲ ਯਕੀਨੀ ਬਨਾਉਣ ਲਈ ਕਿ ਪੰਜਾਬ ਨੂੰ ਵੀ ਇਸ ਫਾਰਮੂਲੇ ਦੇ ਅਧੀਨ ਸਹਾਇਤਾ ਮਿਲੇ, ਪੰਜਾਬ ਅਤੇ ਹਰਿਆਣਾ ਵੀ ਆਮਦਨ ਵਿਚ ਅੰਤਰ ਨੂੰ ਸਮਾਜ ਮੰਨਿਆ ਗਿਆ ਹੈ।

ਸਾਰਨੀ 2
ਵਿੱਤ ਕਮਿਸ਼ਨਾਂ ਦੁਆਰਾ ਰਾਜਾਂ ਦਾ ਆਮਦਨ ਕਰ ਵਿੱਚ ਹਿੱਸਾ ਵਸੋਂ ਅਤੇ ਕੁਲੈਕਸ਼ਨ ਦੇ ਆਧਾਰ ਉੱਤੇ ਪ੍ਰਤੀਸ਼ਤ ਰਾਹੀਂ (1951-2000)

ਵਿੱਤ ਕਮਿਸ਼ਨ	ਰਾਜਾਂ ਦਾ ਆਮਦਨ ਟੈਕਸ ਵਿੱਚ ਹਿੱਸਾ ਪ੍ਰਤੀਸ਼ਤ ਰਾਹੀਂ	ਪ੍ਰਤੀਸ਼ਤ ਆਮਦਨ ਟੈਕਸ ਵਸੋਂ ਦੇਵੰਡ ਆਧਾਰ ਤੇ	ਰਾਜਾਂ ਦਾ ਕਰਮਵਾਰ ਕੁਲੈਕਸ਼ਨ ਦੇ ਆਧਾਰ ਤੇ
ਪਹਿਲਾ ਵਿੱਤ ਕਮਿਸ਼ਨ	55	80	20
ਦੂਜਾ ਵਿੱਤ ਕਮਿਸ਼ਨ	60	90	10
ਤੀਜਾ ਵਿੱਤ ਕਮਿਸ਼ਨ	66 $\frac{2}{3}$	80	20
ਚੌਥਾ ਵਿੱਤ ਕਮਿਸ਼ਨ	75	80	20
ਪੰਜਵਾਂ ਵਿੱਤ ਕਮਿਸ਼ਨ	75	90	10
ਛੇਵਾਂ ਵਿੱਤ ਕਮਿਸ਼ਨ	80	90	10
ਸੱਤਵਾਂ ਵਿੱਤ ਕਮਿਸ਼ਨ	85	90	10
ਅੱਠਵਾਂ ਵਿੱਤ ਕਮਿਸ਼ਨ	85	90	10
ਨੌਵਾਂ ਵਿੱਤ ਕਮਿਸ਼ਨ	85		10
ਦਸਵਾਂ ਵਿੱਤ ਕਮਿਸ਼ਨ	20% ਕੁਲੈਕਸ਼ਨ ਦੇ ਆਧਾਰ ਤੇ ਬਾਕੀ 71% ਵਸੋਂ ਦੇ(15 ਸਾਲ ਲਈ) ਆਧਾਰ ਤੇ ਇਕ ਹੋਰ ਸਿਫਾਰਸ਼ ਰਾਹੀਂ ਕੇਂਦਰ ਸਰਕਾਰ 29% ਰੈਬਨਿਊ ਕੁਲੈਕਸ਼ਨ .ਚ ਰਾਜਾਂ ਦੇ ਭਾਗੀਦਾਰ ਹੋਵੇ।		
ਗਿਆਰ੍ਹਵਾਂ ਵਿੱਤ ਕਮਿਸ਼ਨ	11ਵੇਂ ਵਿੱਤ ਕਮਿਸ਼ਨ ਨੇ ਕਰਮਵਾਰ ਰਾਜਾਂ ਨੂੰ 29% ਕੁਲੈਕਸ਼ਨ ਦੇ ਆਧਾਰ ਤੇ ਅਤੇ 71% ਵਸੋਂ ਦੇ ਆਧਾਰ ਤੇ ਸਿਫ਼ਾਰਸ਼ ਕੀਤੀ ਹੈ।		29

ਜਿਥੋਂ ਤਕ ਉਤਪਾਦਨ ਕਰਾਂ ਦਾ ਸੰਬੰਧ ਸੀ, ਉਨ੍ਹਾਂ ਵਿਚ ਇਸ ਕਮਿਸ਼ਨ ਦੁਆਰਾ ਕੋਈ ਤਬਦੀਲੀ ਨਹੀਂ ਕੀਤੀ ਗਈ ਅਤੇ ਰਾਜਾਂ ਨੂੰ ਕੁੱਲ ਇਕੱਠੀ ਹੋਈ ਰਕਮ ਦਾ 20 ਪ੍ਰਤੀਸ਼ਤ ਹਿੱਸਾ ਮਿਲਦਾ ਰਹਿਣ ਦੀ (ਸਾਰਨੀ ਨੰ. 2) ਸਿਫਾਰਸ਼ ਕੀਤੀ ਗਈ। ਫਿਰ ਵੀ ਇਸ ਕਮਿਸ਼ਨ ਨੇ ਵੰਡਣ ਯੋਗ ਰਾਸ਼ੀ ਦਾ ਆਕਾਰ ਵੱਡਾ ਕਰ ਦਿੱਤਾ ਅਤੇ ਸਿਫਾਰਸ਼ ਕੀਤੀ ਕਿ ਵਿਸ਼ੇਸ਼ ਉਤਪਾਦਨ ਕਰਾਂ ਤੋਂ ਪ੍ਰਾਪਤ ਆਮਦਨ ਦੀ ਵੰਡਣ ਯੋਗ ਰਾਸ਼ੀ ਸ਼ਾਮਲ ਕੀਤੀ ਜਾਵੇ। ਵਾਧੂ ਉਤਪਾਦਨ ਕਰਾਂ ਦੀ ਵੰਡ ਲਈ ਕਮਿਸ਼ਨ ਨੇ ਵਸੋਂ ਅਤੇ ਵਿਕਰੀ ਕਰਾਂ ਦੀ ਉਗਰਾਹੀ ਨੂੰ ਇਕੋ ਜਿਹੀ ਮਹੱਤਤਾ ਦਿੱਤੀ।

ਛੇਵਾਂ ਵਿੱਤ ਕਮਿਸ਼ਨ : ਭਾਰਤ ਦੇ ਰਾਸ਼ਟਰਪਤੀ ਸ੍ਰੀ ਬ੍ਰਹਮਾ ਰੈਡੀ ਦੀ ਪ੍ਰਧਾਨਗੀ ਅਧੀਨ ਜੁਲਾਈ 1972 ਵਿੱਚ ਛੇਵਾਂ ਵਿੱਤ ਕਮਿਸ਼ਨ ਨਿਯੁਕਤ ਕੀਤਾ ਗਿਆ ਜਿਸ ਨੇ ਆਪਣੀ ਰਿਪੋਰਟ ਅਕਤੂਬਰ 1973 ਵਿੱਚ ਭਾਰਤ ਸਰਕਾਰ ਨੂੰ ਪੇਸ਼ ਕੀਤੀ। ਇਹ ਕਮਿਸ਼ਨ ਨਿਯਤ ਸਮੇਂ ਤੋਂ ਇਕ ਸਾਲ ਪਹਿਲਾਂ ਨਿਯੁਕਤ ਕੀਤਾ ਗਿਆ ਤਾਂ ਜੋ ਇਸ ਦੀ ਰਿਪੋਰਟ ਪੰਜਵੀਂ ਪੰਜ ਸਾਲਾ ਯੋਜਨਾ ਦੇ ਨਾਲ ਹੀ ਲਾਗੂ ਕੀਤੀ ਜਾ ਸਕੇ। ਇਹ ਸਮਾਂ 1 ਅਪ੍ਰੈਲ, 1974 ਤੋਂ ਸ਼ੁਰੂ ਹੋ ਕੇ 31 ਮਾਰਚ, 1979 ਤਕ ਸੀ। ਭਾਵੇਂ ਛੇਵੇਂ ਵਿੱਤ ਕਮਿਸ਼ਨ ਨੇ ਆਮਦਨ ਕਰ ਤੋਂ ਪ੍ਰਾਪਤ ਸ਼ੁੱਧ ਆਮਦਨ ਵਿਚੋਂ ਰਾਜਾਂ ਦਾ ਹਿੱਸਾ 75 ਪ੍ਰਤੀਸ਼ਤ ਤੋਂ ਵਧਾ ਕੇ 80 ਪ੍ਰਤੀਸ਼ਤ ਕਰ ਦਿੱਤਾ ਸੀ, ਫੇਰ ਵੀ ਇਸ ਨੇ ਉਤਪਾਦਨ ਕਰਾਂ ਦੇ ਹਿੱਸੇ ਵਿਚ ਕੋਈ ਤਬਦੀਲੀ ਨਹੀਂ ਕੀਤੀ (ਜਿਵੇਂ ਸਾਰਨੀ ਨੰ. 1 ਵਿੱਚ ਦਰਸਾਇਆ ਗਿਆ ਹੈ।) ਛੇਵੇਂ ਵਿੱਤ ਕਮਿਸ਼ਨ ਦੀ ਸਿਫਾਰਸ਼ ਦੇ ਆਧਾਰ ਤੇ ਪੰਜਵੀਂ ਪੰਜ ਸਾਲਾ ਯੋਜਨਾ ਸਮੇਂ ਕੁਲ 9608.85 ਕਰੋੜ ਰੁਪਈਏ ਇੱਕੀ ਰਾਜਾਂ ਨੂੰ; ਤੇ 12509.61 ਕਰੋੜ ਰੁਪਈਏ ਦੇ ਕੁਲ ਅਨੁਦਾਨ 14 ਰਾਜਾਂ ਨੂੰ ਦਿੱਤੇ ਜਾਣੇ

ਸਨ ਤਾਂ ਜੋ ਉਹ ਕਰਾਂ ਦੀ ਪ੍ਰਾਪਤੀ ਤੋਂ ਪਿੱਛੋਂ ਹੋਣ ਵਾਲੇ ਗ਼ੈਰ-ਯੋਜਨਾ ਘਾਟੇ ਨੂੰ ਪੂਰਾ ਕਰ ਸਕਣ। ਭਾਰਤ ਸਰਕਾਰ ਨੂੰ ਛੇਵੇਂ ਵਿੱਤ ਕਸ਼ਿਨ ਦੀਆਂ ਸਿਫਾਰਸ਼ਾਂ ਅਨੁਸਾਰ ਰਾਜਾਂ ਨੂੰ ਕਰਾਂ ਦੀ ਸਪੁਰਦਗੀ ਕਰਜ਼ਿਆਂ ਦੀ ਸਹਾਇਤਾ ਅਤੇ ਅਨੁਦਾਨ ਦੇਣ ਦੀਆਂ ਸਿਫਾਰਸ਼ਾਂ ਮੰਨ ਲਈਆਂ ਛੇਵੇਂ ਵਿੱਤ ਕਮਿਸ਼ਨ ਵੱਲੋਂ ਤੁਲਨਾਤਮਕ ਪ੍ਰਤੀ ਵਿਅਕਤੀ ਆਮਦਨ ਰਾਹੀਂ 25 ਪ੍ਰਤੀਸ਼ਤ ਮਾਪਿਆ ਗਿਆ। ਇਸ ਕਮਿਸ਼ਨ ਨੇ ਪਹਿਲਾਂ 75 ਪ੍ਰਤੀਸ਼ਤ ਵਸੋਂ ਅਤੇ ਪੱਛੜੇਪਣ ਦੇ ਆਧਾਰ ਉੱਤੇ ਰਾਜਾਂ ਵਿਚ ਵੰਡਣ ਦੀ ਸਿਫਾਰਸ਼ ਕੀਤੀ ਅਤੇ ਫੇਰ ਪਛੱੜੇਪਨ ਦੇ ਆਧਾਰ ਨੂੰ 80 ਪ੍ਰਤੀਸ਼ਤ ਦਾ ਵਜਨ ਦਿੱਤਾ ਗਿਆ।

ਕੇਂਦਰੀ ਪ੍ਰਸ਼ਾਸਿਤ ਇਲਾਕਿਆਂ ਨੂੰ ਮਿਲਣ ਵਾਲੇ ਫੰਡ ਨੂੰ ਛੱਡ ਕੇ ਵਾਧੂ ਉਤਪਾਦਨ ਕਰਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਰਾਜਾਂ ਵਿੱਚ ਵੰਡੀ ਜਾਣੀ ਸੀ। ਇਸ ਕਮਿਸ਼ਨ ਨੇ ਇਹ ਸੁਝਾਅ ਦਿੱਤਾ, ਕਿ ਰਾਜਾਂ ਵਾਸਤੇ ਇਕ ਗਾਰੰਟੀ ਸ਼ੁਦਾ ਰਕਮ ਵੱਖਰੀ ਰੱਖਣ ਦੀ ਕੋਈ ਲੋੜ ਨਹੀਂ, ਅਤੇ ਕੇਂਦਰੀ ਪ੍ਰਸ਼ਾਸਿਤ ਇਲਾਕਿਆਂ ਦਾ ਹਿੱਸਾ ਕੱਢ ਕੇ ਰਾਜਾਂ ਦੇ ਘਰੇਲੂ ਉਤਪਾਦਨ ਕਰਾਂ ਵਾਲੀਆਂ ਵਸਤੂਆਂ ਦੇ ਉਤਪਾਦਨ ਦੇ ਆਧਾਰ ਉੱਤੇ 70 : 25 : 10 ਦੇ ਅਨੁਪਾਤ ਵਿਚ ਰਾਜਾਂ ਵਿਚ ਵੰਡਿਆ ਜਾਣਾ ਚਾਹੀਦਾ ਹੈ।

ਛੇਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ, ਜੋ ਭਾਰਤ ਸਰਕਾਰ ਵੱਲੋਂ ਮੰਨ ਲਈਆਂ ਗਈਆਂ, ਅਨੁਸਾਰ ਰਾਜਾਂ ਦੇ ਸਾਧਨਾ ਵਿੱਚ 2077 ਕਰੋੜ ਦਾ ਵਾਧਾ ਹੋਇਆ। ਇਸ ਵੱਡੀ ਰਕਮ ਵਿਚ 1850 ਕਰੋੜ ਤਾਂ ਕਾਨੂੰਨੀ ਅਨੁਦਾਨ ਸਨ 277 ਕਰੋੜ ਕਰਾਂ ਦੀ ਸਪੁਰਦਗੀ ਸੀ, ਪਰ ਅਨੁਦਾਨਾਂ ਵਿਚ ਇਹ ਵਾਧਾ ਵਿੱਤੀ ਰੂਪ ਵਿਚ ਕਮਜ਼ੋਰ ਅਤੇ ਪੱਛੜੇ ਰਾਜਾਂ ਲਈ ਕੀਤੇ ਗਏ ਪ੍ਰਬੰਧ ਸਦਕਾ ਸੀ। ਚਾਰ ਨਵੇਂ ਰਾਜਾਂ, ਹਿਮਾਚਖ ਪ੍ਰਦੇਸ਼, ਮਨੀਪੁਰ, ਤ੍ਰਿਪੁਰਾ ਅਤੇ ਮੇਘਾਲਿਆ ਕੋਲ ਆਪਣੇ ਸਾਧਨਾਂ ਦਾ ਕੋਈ ਆਧਾਰ ਨਹੀਂ ਸੀ ਅਤੇ ਉਨ੍ਹਾਂ ਦੀਆਂ ਲੋੜਾਂ ਪੂਰਨ ਰੂਪ ਵਿਚ ਕੇਂਦਰ ਵੱਲੋਂ ਹੀ ਪੂਰੀਆਂ ਹੋਣੀਆਂ ਸਨ ਅਤੇ ਇਸ ਆਸ ਵਿਚ ਕਿ ਇਹ ਚਾਰ ਰਾਜ ਜੰਮੂ ਕਸ਼ਮੀਰ ਅਤੇ ਨਾਗਾਲੈਂਡ ਸਮੇਤ 219.73 ਕਰੋੜ ਜਾਂ ਇਸ ਕਮਿਸ਼ਨ ਵੱਲੋਂ ਸਿਫਾਰਸ਼ ਕੀਤੇ ਗਏ ਵੰਡਣਯੋਗ ਕਰਾਂ ਜਾਂ ਅਨੁਦਾਨਾਂ ਰਾਹੀਂ ਦਿੱਤੇ ਜਾਣ ਵਾਲੇ ਕੁੱਲ 9608.85 ਕਰੋੜ ਰੁਪਈਏ ਦਾ 9.57 ਪ੍ਰਤੀਸ਼ਤ ਪ੍ਰਾਪਤ ਕਰ ਲੈਣਗੇ। ਇੱਕੀ ਰਾਜਾਂ ਵਿੱਚੋਂ ਚੌਦਾਂ ਰਾਜ ਅਪ੍ਰੈਲ 1947 ਤੋਂ 31 ਮਾਰਚ, 1979 ਤਕ ਦੇ ਪੰਜ ਸਾਲਾਂ ਵਿੱਚ 2506-61 ਰੁਪਈਏ ਪ੍ਰਾਪਤ ਕਰ ਲੈਣਗੇ ਅਤੇ ਬਾਕੀ ਦੇ ਸੱਤ ਰਾਜਾਂ ਮਹਾਂਰਾਸ਼ਟਰਾ, ਗੁਜਰਾਤ, ਹਰਿਆਣਾ, ਪੰਜਾਬ, ਮੱਧ ਪ੍ਰਦੇਸ਼, ਕਰਨਾਟਕ ਅਤੇ ਤਾਮਿਲਨਾਡੂ ਨੂੰ ਅਨੁਦਾਨ ਨਹੀਂ ਦਿੱਤੇ ਜਾਣਗੇ। ਕਿਉਂਕਿ ਕਰਾਂ ਦੀ ਹਿੱਸੇਦਾਰੀ ਰਾਹੀਂ ਉਨ੍ਹਾਂ ਦੀ ਆਮਦਨ ਵਿਚ ਵਾਧਾ ਹੋ ਗਿਆ ਹੈ ਕਿਉਂਕਿ ਛੇਵੇਂ ਵਿੱਤ ਕਮਿਸ਼ਨ ਦੁਆਰਾ ਉਤਪਾਦਨ ਕਰ ਦੀ ਵੰਡ ਵਿਚ ਉਤਪਾਦਨ ਕਰ ਨੂੰ ਵੱਧ ਮਹੱਤਤਾ ਦਿੱਤੀ ਗਈ ਅਤੇ ਖੰਡ, ਤਮਾਕੂ ਅਤੇ ਕੱਪੜੇ ਉੱਤੇ ਵਾਧੂ ਉਤਪਾਦਨ ਕਰਾਂ ਦੀ ਵੰਡ ਵਿੱਚੋਂ ਵਿਕਰੀ ਕਰਾਂ ਦਾ ਯੋਗਦਾਨ ਕੱਢ ਦਿੱਤਾ ਗਿਆ ਸੀ।

ਸਾਰਨੀ 3

ਵਿੱਤ ਕਮਿਸ਼ਨ ਦੁਆਰਾ ਸਾਲ 1951-56 ਤੋਂ ਸਾਲ 1990-95
ਰਾਜਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਦੀਆਂ ਸਿਫਾਰਸ਼ਾਂ

ਕ੍ਰਮ ਨੰ.	ਸਮਾਂ	ਵੰਡ ਕਰ ਅਤੇ ਡਿਊਟੀ ਦਾ ਹਿੱਸਾ	ਕਾਨੂੰਨ ਸਥਿਰ ਜੋੜ ਦੂਜੀਆਂ ਗਰਾਂਟਾਂ	ਜੋੜ ਰੁਪਈਏ ਕਰੋੜਾਂ ਵਿੱਚ
1.	ਪਹਿਲੀ ਪੰਜ ਸਾਲਾ ਯੋਜਨਾ	344	103	447
	(1551-52 ਤੋਂ 1955-56)	(76.46)	(23.04)	(100)
2.	ਦੂਜੀ ਪੰਜ ਸਾਲਾ ਯੋਜਨਾਂ	668	250	918
	(1956-57 ਤੋਂ 1960-61)	(72.77)	(24.78)	(100)
3.	ਤੀਜੀ ਪੰਜ ਸਾਲਾ ਯੋਜਨਾ	1196	394	1590

	(1961-62 ਤੋਂ 1965-61)	(72.22)	(24.78)	(100)
3. (ੲ)	ਤਿੰਨ ਸਾਲਾ ਯੋਜਨਾ	1282	500	1782
	(1966-67 ਤੋਂ 1968-69)	(71.94)	(18.06)	(100)
4.	ਚੌਥੀ ਪੰਜ ਸਾਲਾ ਯੋਜਨਾ	4562	859	5421
	(1969-70 ਤੋਂ 1973-74)	(84.15)	(15.85)	(100)
5.	ਪੰਜਵੀਂ ਪੰਜ ਸਾਲਾ ਯੋਜਨਾ	8725	2773	11048
	(1974-75 ਤੋਂ 1978-84)	(74.90)	(25.10)	(100)
6.	ਛੇਵੀਂ ਪੰਜ ਸਾਲਾ ਯੋਜਨਾ	21177	1711	22888
	(1970-80 ਤੋਂ 1983-84)	(95.52)	(4.48)	(100)
7.	ਸੱਤਵੀਂ ਪੰਜ ਸਾਲਾ ਯੋਜਨਾ	35683	3769	39459
	(1984-85 ਤੋਂ 1989-90)	(90.45)	(9.95)	(100)
8.	ਅੱਠਵੀਂ ਪੰਜ ਸਾਲਾ ਯੋਜਨਾ	87882	18154	106036
	(1990-91 ਤੋਂ 1995)	(82.87)	(17.13)	(100)
9.	ਨੌਵੀਂ ਪੰਜ ਸਾਲਾ ਯੋਜਨਾ			
	(1995-2000)			
	% ਵਾਧਾ 1951-56 ਤੋਂ 1990-95 ਤੱਕ	155.47	76.25	(137.22)

ਸੱਤਵਾਂ ਵਿੱਤ ਕਮਿਸ਼ਨ : 24 ਜੂਨ, 1977 ਨੂੰ ਭਾਰਤ ਦੇ ਰਾਸ਼ਟਰਪਤੀ ਨੇ ਸ੍ਰੀ ਜੀ.ਐਮ. ਸੈਲਟ (ਜੋ ਭਾਰਤੀ ਸਰਵ-ਉੱਚ ਅਦਾਲਤ ਦੇ ਜੱਜ ਰਹਿ ਚੁੱਕੇ ਸਨ) ਦੀ ਪ੍ਰਧਾਨਗੀ ਅਧੀਨ ਸੱਤਵੇਂ ਕਮਿਸ਼ਨ ਦੀ ਨਿਯੁਕਤੀ ਦੀ ਘੋਸ਼ਣਾ ਕੀਤੀ। ਇਸ ਵਿੱਤ ਕਮਿਸ਼ਨ ਨੇ ਆਪਣੀ ਰਿਪੋਰਟ ਰਾਸ਼ਟਰਪਤੀ ਨੂੰ 28 ਅਕਤੂਬਰ 1978 ਨੂੰ ਪੇਸ਼ ਕੀਤੀ ਅਤੇ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ 1 ਅਪ੍ਰੈਲ, 1979 ਤੋਂ ਲੈ ਕੇ 31 ਮਾਰਚ, 1984 ਤਕ ਦੇ ਸਮੇ ਲਈ ਸਨ।

ਸੱਤਵੇਂ ਵਿੱਤ ਕਮਿਸ਼ਨ ਅਨੁਸਾਰ ਆਮਦਨ ਕਰ ਤੋਂ ਸ਼ੁੱਧ ਪ੍ਰਾਪਤੀ ਦਾ ਰਾਜਾਂ ਲਈ ਹਿੱਸਾ 20 ਪ੍ਰਤੀਸ਼ਤ ਤੋਂ ਵਧਾ ਕੇ 25 ਪ੍ਰਤੀਸ਼ਤ ਕਰ ਦਿੱਤਾ ਗਿਆ ਅਤੇ ਰਾਜਾਂ ਆਪਸੀ ਹਿੱਸਿਆ ਦੀ ਵੰਡ 90 ਪ੍ਰਤੀਸ਼ਤ 1971 ਦੀ ਮਰਦਮਸ਼ੁਮਾਰੀ ਅਨੁਸਾਰ ਉੱਤੇ ਅਤੇ ਬਾਕੀ ਦੀ 10 ਪ੍ਰਤੀਸ਼ਤ ਹਰ ਇਕ ਰਾਜ ਨੂੰ ਔਸਤਨ ਯੋਗਦਾਨ ਦੇ ਆਧਾਰ ਤੇ ਕੀਤੀ ਗਈ। ਸੱਤਵੇਂ ਕਮਿਸ਼ਨ ਨੇ ਇਹ ਸਿਫਾਰਸ਼ ਕੀਤੀ ਕਿ ਰਾਜਾਂ ਦਾ ਹਿੱਸਾ ਸ਼ੁੱਧ ਪ੍ਰਾਪਤੀਆਂ ਵਿਚ 20 ਪ੍ਰਤੀਸ਼ਤ ਦੀ ਥਾਂ 40 ਪ੍ਰਤੀਸ਼ਤ ਕਰ ਦਿੱਤਾ ਜਾਵੇ। ਰਾਜ ਵਿਚ ਉਨ੍ਹਾਂ ਦਾ ਹਿੱਸਾ ਵੰਡਣ ਲਈ ਕਮਿਸ਼ਨ ਨੇ ਹੇਠ ਲਿਖੇ ਤੱਤਾਂ ਨੂੰ 25 ਪ੍ਰਤੀਸ਼ਤ ਮਹੱਤਤਾ ਦੇ ਕੇ ਹਰ ਇਕ ਰਾਜ ਦਾ ਪ੍ਰਤੀਸ਼ਤ ਹਿੱਸਾ ਮਿਥਿਆ ਹੈ।

(ੳ) 1971 ਦੀ ਮਰਦਮਸ਼ੁਮਾਰੀ
(ਅ) ਰਾਜਾਂ ਦੇ ਪ੍ਰਤੀ ਵਿਅਕਤੀ ਘਰੇਲੂ ਉਤਪਾਦਨ:;
(ੲ) ਵਿੱਤ ਕਮਿਸ਼ਨ ਵੱਲੋਂ ਤਿਆਰ ਕੀਤੀ ਗਈ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਪ੍ਰਤੀਸ਼ਤਤਾ;
(ਸ) ਆਮਦਨ ਵਿਚ ਬਰਾਬਰੀ ਲਿਆਉਣ ਦਾ ਕਮਿਸ਼ਨ ਵੱਲੋਂ ਤਿਆਰ ਕੀਤਾ ਗਿਆ ਫਾਰਮੂਲਾ ਅਤੇ
(ਹ) ਵਿੱਤ ਕਮਿਸ਼ਨ ਵੱਲੋਂ ਰਾਜ ਦੇ ਘਰੇਲੂ ਉਤਪਾਦਨ ਕਰਾਂ ਤੋਂ ਪ੍ਰਾਪਤ ਹੋਣ ਵਾਲੇ ਪਦਾਰਥਾਂ ਦਾ ਉਤਪਾਦਨ।

ਸੱਤਵੇਂ ਵਿੱਤ ਕਮਿਸ਼ਨ ਨੂੰ ਪੰਜ ਰਾਜਾਂ : ਗੁਜਰਾਤ, ਹਰਿਆਣਾ, ਕਰਨਾਟਕ, ਮਹਾਂਰਾਸ਼ਟਰ ਅਤੇ ਪੰਜਾਬ ਤੋਂ ਇਹ ਆਸ ਸੀ ਕਿ 1979-84 ਦੇ ਸਮੇਂ ਵਿਚ ਕੇਂਦਰ ਵੱਲੋਂ ਕਰਾਂ ਦੀ ਸਪੁਰਦਗੀ ਤੋਂ ਬਿਨਾਂ ਵੀ ਇਨ੍ਹਾਂ ਦੀਆਂ ਗੈਰ-ਯੋਜਨਾ ਪ੍ਰਾਪਤੀਆਂ ਵਿਚ ਵਾਧਾ ਹੋ ਜਾਵੇਗਾ ਅਤੇ ਇਸ ਕਮਿਸ਼ਨ ਵੱਲੋਂ ਸਿਫਾਰਸ਼ ਕੀਤੀ ਗਈ ਕਿ

ਕਰਾਂ ਦੀ ਸਪੁਰਦਗੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਹ ਆਸ ਕੀਤੀ ਜਾਂਦੀ ਸੀ ਕਿ ਅੱਠ ਰਾਜਾਂ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਨੂੰ ਗੈਰ-ਯੋਜਨਾ ਖਾਤਿਆਂ ਵਿਚ 1917-84 ਤਕ ਦੀ ਪੰਜ ਸਾਲਾਂ ਵਿਚ ਕੁਲ 13585 ਕਰੋੜ ਦਾ ਵਾਧਾ ਹੋਵੇਗਾ। ਇਸ ਵਿਚ ਕਮਿਸ਼ਨ ਦੇ ਵਿਚਾਰ ਅਨੁਸਾਰ ਅੱਠ ਰਾਜਾਂ ਵਿਚ ਗੈਰ ਯੋਜਨਾ ਆਮਦਨ ਅਤੇ ਕਰ ਰਹਿ ਜਾਣ ਦੀ ਉਮੀਦ ਸੀ ਅਤੇ ਉਨ੍ਹਾਂ ਲਈ 1979-1984 ਦੇ ਪੰਜ ਸਾਲਾਂ ਲਈ 1173 ਕਰੋੜ ਦੀ ਅਨੁਦਾਨ ਦੀ ਸਿਫਾਰਸ਼ ਕੀਤੀ ਗਈ। ਭਾਰਤ ਸਰਕਾਰ ਨੇ ਸੱਤਵੇਂ ਵਿੱਤ ਕਮਿਸ਼ਨ ਦੀਆਂ ਇਹ ਸਿਫਾਰਸ਼ਾਂ ਮੰਨ ਲਈਆਂ।

ਸਾਲ 1979-1984 ਦੇ ਪੰਜ ਸਾਲਾਂ ਲਈ ਰਾਜਾਂ ਦੀ ਆਮਦਨ ਅਤੇ ਖਰਚ ਦਾ ਅਨੁਮਾਨ ਲਾਉਣ ਲੱਗਿਆਂ ਇਸ ਵਿੱਤ ਕਮਿਸ਼ਨ ਨੇ ਰਾਜਾਂ ਦੇ ਨਵੇਂ ਕਰਜ਼ਿਆਂ ਅਤੇ ਉਧਾਰ ਦਿੱਤੀਆਂ ਰਕਮਾਂ ਉੱਤੇ ਵਿਆਜ਼ ਦੀ ਦਰਾਂ ਨੂੰ ਧਿਆਨ ਵਿਚ ਨਹੀਂ ਲਿਆਂਦਾ ਅਤੇ ਸਿਫਾਰਸ਼ ਕੀਤੀ ਕਿ ਇਹੋ ਜਿਹੀ ਦੇਣਦਾਰੀ ਸਰਕਾਰ ਵੱਲੋਂ ਹਰ ਸਾਲ ਗਿਣੀ ਜਾਵੇਗੀ ਅਤੇ ਸੰਵਿਧਾਨ ਦੀ ਧਾਰਾ 275 ਅਧੀਨ ਘਾਟੇ ਵਾਲੇ ਰਾਜਾਂ ਨੂੰ ਵਾਧੂ ਅਨੁਦਾਨ ਦਿੱਤੇ ਜਾਣਗੇ ਅਤੇ ਇਹ ਅਨੁਦਾਨ ਉਨ੍ਹਾਂ ਰਾਜਾਂ ਨੂੰ ਵੀ ਦਿੱਤੇ ਜਾਣਗੇ, ਜਿਨ੍ਹਾਂ ਦੇ ਵੱਧਤਰ ਵਿਆਜ ਦੀਆਂ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹੋਣਗੇ। ਇਸ ਤੋਂ ਇਲਾਵਾ ਸੱਤਵੇਂ ਵਿੱਤ ਕਮਿਸ਼ਨ ਨੇ ਇਕ ਪਾਸੇ ਸੋਕਾ ਪੈਦਾ ਹੋਣ ਕਰਕੇ, ਦੂਜੇ ਪਾਸੇ ਹੋਰ ਪ੍ਰਕਾਰ ਦੀਆਂ ਕੁਦਰਤੀ ਕਰੋਪੀਆਂ ਹੜ੍ਹ, ਤੂਫਾਨ ਅਤੇ ਭੁਚਾਲ ਆਦਿ ਉੱਤੇ ਹੋਏ ਸਹਾਇਤਾ ਖਰਚ ਵਿਚ ਅੰਤਰ ਕੀਤਾ ਹੈ। ਹੜ੍ਹਾਂ, ਤਫਾਨਾਂ ਅਤੇ ਹੋਰ ਪ੍ਰਕਾਰ ਦੀਆਂ ਕੁਦਰਤੀ ਕਰੋਪੀਆਂ ਤੋਂ ਖਰਾਬ ਹੋਈਆਂ ਸਰਕਾਰੀ ਇਮਾਰਤਾਂ ਨੂੰ ਠੀਕ ਕਰਨ ਤੇ ਹੋਏ ਖਰਚਿਆਂ ਦੇ ਸੰਬੰਧ ਵਿਚ ਇਸ ਕਮਿਸ਼ਨ ਦੀ ਇਹ ਸਿਫਾਰਸ਼ ਸੀ ਕਿ ਰਾਜਾਂ ਦੇ ਖਰਚੇ ਦੀ ਹੱਦੋਂ ਜ਼ਿਆਦਾ ਜੋ ਚਰਚਾ ਹੋਵੇ ਉਸ ਦਾ 75 ਪ੍ਰਤੀਸ਼ਤ ਗੈਰ-ਯੋਜਨਾ ਅਨੁਦਾਨ ਦੇ ਰੂਪ ਵਿਚ ਕੇਂਦਰ ਵੱਲੋਂ ਹੋਣੀ ਚਾਹੀਦੀ ਹੈ। ਇਸ ਵਿੱਤ ਕਮਿਸ਼ਨ ਦੀਆਂ ਇਹ ਸਿਫਾਰਸ਼ਾਂ ਵੀ ਸਰਕਾਰ ਵੱਲੋਂ ਮੰਨ ਲਈਆਂ ਗਈਆਂ।

ਸੱਤਵੇਂ ਵਿੱਤ ਕਮਿਸ਼ਨ ਦੀ ਪਹੁੰਚ ਇਸ ਗੱਲ ਦੀ ਪਕਿਆਈ ਕਰਨ ਵਿਚ ਸੀ, ਕਿ ਉਸ ਵੱਲੋਂ ਦੀ ਮਾਲੀ ਤਬਦੀਲੀਆਂ ਦੀ ਸਕੀਮ ਲਾਗੂ ਕੀਤੀ ਜਾ ਰਹੀ ਹੈ, ਉਸ ਵੱਧ ਤੋਂ ਸੰਭਵ ਘੱਟ ਖੁਸ਼ਹਾਲੀ ਵਾਲੇ ਰਾਜਾਂ ਦੀ ਆਮਦਨ ਵਿਚ ਵਾਧਾ ਪੈਦਾ ਕਰੇ, ਜਿਸ ਨੂੰ ਨਵੇਂ ਵਿਕਾਸ ਲਈ ਸਕਾਰਥਕ ਢੰਗ ਨਾਲ ਵਰਤਿਆ ਜਾ ਸਕੇ। ਕਮਿਸ਼ਨ ਨੇ ਅਨੁਦਾਨਾਂ ਦੇ ਅੰਤਰ ਨੂੰ ਸਿਰਫ ਬਕਾਹਿਆ ਮੱਦ ਦੇ ਰੂਪ ਵਿਚ ਵਰਤਿਆ ਹੈ ਅਤੇ ਜੋ ਕਮਿਸ਼ਨ ਵੱਲੋਂ ਕਰਾਂ ਦੀ ਹਿੱਸੇ ਦੀ ਜ਼ਿਆਦਾ ਸਪੁਰਦਗੀ ਦੀ ਸਿਫਾਰਸ਼ ਦੇ ਬਾਵਜੂਦ ਵੀ ਰਹਿ ਗਏ, ਆਮਦਨ ਅੰਤਰ ਨੂੰ ਪੂਰਾ ਕਰਨ ਦੀ ਸਿਫਾਰਸ਼ ਕੀਤੀ ਗਈ।

ਅੱਠਵਾਂ ਵਿੱਤ ਕਮਿਸ਼ਨ : ਭਾਰਤ ਦੇ ਰਾਸ਼ਟਰਪਤੀ ਦੁਆਰਾ ਅੱਠਵਾਂ ਵਿੱਤ ਕਮਿਸ਼ਨ ਜੂਨ 20, 1982 ਨੂੰ ਵਾਈ.ਵੀ. ਚਵਾਨ ਦੀ ਪ੍ਰਧਾਨਗੀ ਹੇਠ ਘੋਸ਼ਿਤ ਕੀਤਾ ਗਿਆ, ਜਿਸ ਨੇ ਅਪ੍ਰੈਲ 30, 1984 ਨੂੰ ਆਪਣੀ ਰਿਪੋਰਟ ਰਾਸ਼ਟਰਪਤੀ ਨੂੰ ਪੇਸ਼ ਕੀਤੀ।

ਅੱਠਵਾਂ ਵਿੱਤ ਕਮਿਸ਼ਨ ਨੂੰ ਰਾਜਾਂ ਵੱਲੋਂ ਦੱਸਿਆ ਗਿਆ ਕਿ ਕੇਂਦਰੀ ਸਰਕਾਰ ਆਮਦਨ ਕਰ ਉਪਰ ਟੈਕਸ ਲਾ ਕੇ ਰਾਜ ਸਰਕਾਰਾਂ ਦੇ ਹਿੱਸੇ ਆਉਂਦੀ ਰਕਮ ਨੂੰ ਘਟਾ ਦਿੱਤਾ ਹੈ। ਇਸ ਲਈ ਉਨ੍ਹਾਂ ਨੂੰ ਕਰਾਂ ਵਿਚੋਂ ਕੁਝ ਹਿੱਸਾ ਮਿਲਣਾ ਚਾਹੀਦਾ ਹੈ ਪਰ ਇਸ ਕਮਿਸ਼ਨ ਨੇ ਰਾਜ ਸਰਕਾਰ ਦੀ ਇਸ ਬੇਨਤੀ ਨੂੰ ਕਬੂਲ ਨਾ ਕਰਦੇ ਹੋਏ ਕੇਂਦਰੀ ਸਰਕਾਰ ਨੂੰ ਸਿਫਾਰ਼ਸ਼ ਕੀਤੀ ਕਿ ਅੱਗੇ ਤੋਂ (1956-86) ਸਰਚਾਰਜ ਕਰ ਨੂੰ ਆਮਦਨ ਕਰ ਕੇ ਆਧਾਰ ਤੇ ਕਰਾਂ ਵਿਚ ਯੋਗ ਢੰਗ ਨਾਲ ਸ਼ਾਮਿਲ ਕਰ ਲਿਆ ਜਾਵੇ ਪਰ ਰਾਜ ਸਰਕਾਰਾਂ ਆਮਦਨ ਕਰ ਦਾ 85 ਪ੍ਰਤੀਸ਼ਤ ਹਿੱਸਾ ਹੀ ਲੈਣ। ਰਾਜਾਂ ਵਿਚ ਆਮਦਨ ਵੰਡਣ ਲਈ ਕਮਿਸ਼ਨ ਨੇ 90 ਪ੍ਰਤੀਸ਼ਤ ਜਨਸੰਖਿਆ ਦੇ ਆਧਾਰ ਉੱਤੇ 10 ਪ੍ਰਤੀਸ਼ਤ ਦਾ ਇਕੱਠਾ ਕਰਨ ਦੇ ਆਧਾਰ ਉੱਤੇ ਵੰਡਣ ਦੀ ਸਿਫਾਰਸ਼ ਕੀਤੀ। ਵਸੋਂ ਦੇ ਆਧਾਰ ਲਈ ਵੀ ਇਸ ਕਮਿਸ਼ਨ ਨੇ ਇਸ ਹਿੱਸੇ ਦਾ 25 ਪ੍ਰਤੀਸ਼ਤ ਪ੍ਰਤੀ ਵਿਅਕਤੀ ਘੱਟ ਆਮਦਨ 25 ਪ੍ਰਤੀਸ਼ਤ ਜਨਸੰਖਿਆ ਅਤੇ 50 ਪ੍ਰਤੀਸ਼ਤ ਰਾਜ ਪ੍ਰਤੀ ਵਿਅਕਤੀ ਆਮਦਨ ਅਤੇ ਸਭ ਤੋਂ ਵੱਧ ਪ੍ਰਤੀ ਵਿਅਕਤਲ ਆਮਦਨ ਵਾਲੇ ਰਾਜ ਦੀ ਆਮਦਨ ਵਿਚ ਦੂਰੀ, ਜਿਸ ਨੂੰ ਜਨਸੰਖਿਆ ਨਾਲ ਗੁਣਾ ਕੀਤਾ ਜਾਵੇ ਦੇ ਆਧਾਰ ਤੇ ਦੇਣ ਦੀ ਸਿਫਾਰਸ਼ ਕੀਤੀ। ਇਸ ਨੂੰ ਤਿੰਨ ਪੱਖੀ ਫਾਰਮੂਲਾ ਆਖਿਆ ਗਿਆ। ਤਿੰਨ ਪੱਖੀ ਫਾਰਮੂਲੇ ਦਾ ਭਾਵ 25 ਪ੍ਰਤੀਸ਼ਤ ਜਨਸੰਖਿਆ, 25 ਪ੍ਰਤੀਸ਼ਤ ਘੱਟ ਪ੍ਰਤੀ ਵਿਅਕਤੀ ਆਮਦਨ ਅਤੇ ਬਾਕੀ 50 ਪ੍ਰਤੀਸ਼ਤ ਰਾਜ ਦੀ ਪ੍ਰਤੀ ਵਿਅਕਤੀ ਅਤੇ ਵੱਧ ਤੋਂ ਵੱਧ

ਪ੍ਰਤੀ ਆਮਦਨ ਵਿਅਕਤੀ ਵਾਲੇ ਰਾਜ ਦੀ ਆਮਦਨ ਵਿੱਚ ਅੰਤਰ, ਜਿਸਨੂੰ ਜਨਸੰਖਿਆ ਨਾਲ ਗੁਣਾ ਕੀਤਾ ਜਾਵੇ , ਤੇ ਆਧਾਰ ਤੇ ਵੰਡਣ ਦੀ ਸਿਫਾਰਸ਼ ਕੀਤੀ ਗਈ।

ਨੌਵਾਂ ਵਿੱਤ ਕਮਿਸ਼ਨ : ਕੇਂਦਰੀ ਸਰਕਾਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਨੇ ਨੌਵਾਂ ਵਿੱਤ ਕਮਿਸ਼ਨ ਜੂਨ 1987 ਵਿਚ ਸ੍ਰੀ ਐਨ.ਕੇ.ਪੀ. ਸਾਲਵੇ ਐਮ.ਪੀ. ਦੀ ਪ੍ਰਧਾਨਗੀ ਹੇਠ ਘੋਸ਼ਿਤ ਕੀਤਾ। ਜਿਸ ਨੇ ਹੇਠ ਲਿਖੀਆਂ ਸਿਫਾਰਸ਼ਾਂ ਸਰਕਾਰ ਨੂੰ ਕੀਤੀਆਂ ਅਤੇ ਸਰਕਾਰ ਨੇ ਇਹ ਸਾਰੀਆਂ ਸਿਫਾਰਸ਼ਾਂ ਪ੍ਰਵਾਨ ਕਰ ਲਈਆਂ।

ਨੌਵੇਂ ਵਿੱਤ ਕਮਿਸ਼ਨ ਦੁਆਰਾ ਇੰਨਕਮ ਟੈਕਸ ਦਾ 85 ਪ੍ਰਤੀਸ਼ਤ ਰਾਜਾਂ ਨੂੰ ਮਿਲਣਾ ਚਾਹੀਦਾ ਹੈ। ਜਦ ਕਿ ਇਸ ਕਮਿਸ਼ਨ ਅਨੁਸਾਰ ਅਬਕਾਰੀ ਡਿਊਟੀ ਵਿਚ ਰਾਜਾਂ ਦਾ ਹਿੱਸਾ 45 ਪ੍ਰਤੀਸ਼ਤ ਹੋਣਾ ਚਾਹੀਦਾ ਹੈ। ਰਿਲੀਫ ਫੰਡ ਬਾਰੇ ਨੌਵੇਂ ਵਿੱਤ ਕਮਿਸ਼ਨ ਅਨੁਸਾਰ ਮੌਜੂਦਾ ਪ੍ਰਥਾ ਦੀ ਥਾਂ ਇੱਕ ਅਜੇ ਹਾਂ ਪ੍ਰਥਾ ਬਣਾਉਣ ਦੀ ਸਿਫਾਰਸ਼ ਕੀਤੀ, ਜਿਸ ਅਨੁਸਾਰ ਸਾਰੇ ਰਾਜਾਂ ਨੂੰ ਵੱਧ ਤੋਂ ਵੱਧ ਸੁਤੰਤਰਤਾ ਦਿੱਤੀ ਜਾਵੇ। ਕੁਦਰਤੀ ਰਿਲੀਫ ਫੰਡ ਹਰ ਇਕ ਰਾਜ ਲਈ ਵੱਖ-ਵੱਖ ਹੋਣਾ ਚਾਹੀਦਾ ਹੈ। ਇਸ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਇਹ 804 ਕਰੋੜ ਸਾਰੇ ਰਾਜਾਂ ਲਈ ਸੀ, ਅਤੇ ਕੇਂਦਰ ਇਸ ਵਿਚ ਗੈਰ ਪਲਾਨ ਯੋਜਨਾ ਰਾਹੀਂ 75 ਪ੍ਰਤੀਸ਼ਤ ਹਿੱਸਾ ਪਾਵੇ ਅਤੇ ਬਾਕੀ 25 ਪ੍ਰਤੀਸ਼ਤ ਸਾਰੇ ਰਾਜ ਆਪਣੇ ਸੋਮਿਆਂ ਰਾਹੀਂ ਇਸ ਵਿਚ ਹਿੱਸੇ ਪਾਉਣ। ਕਰਜਾ ਰਿਲੀਫ ਫੰਡ ਬਾਰੇ ਇਸ ਵਿੱਤ ਕਮਿਸ਼ਨ ਨੇ ਇਹ ਸਿਫਾਰਸ਼ ਕੀਤੀ ਕਿ ਰਿਜ਼ਰਵ ਬੈਂਕ ਆਫ ਇੰਡੀਆ ਨੂੰ ਇਕ ਇਹੋ ਜਿਹਾ ਪਰਵਾਨਿਤ ਫਾਰਮੂਲਾ ਬਣਾਉਣ ਚਾਹੀਦਾ ਹੈ, ਜਿਸ ਰਾਹੀਂ 1990-91 ਸਾਲ ਦੇ ਰਾਜਾਂ ਦੇ ਸਿੱਧੇ ਕੇਂਦਰੀ ਉਧਾਰ ਪਲਾਨ ਵੀਹ ਸਾਲ ਹੋਣੀ ਚਾਹੀਦੀ ਹੈ ਅਤੇ ਇਸ ਵਿਚਲੇ 50 ਪ੍ਰਤੀਸਤ ਕਰਜ਼ੇ ਨੂੰ ਪੰਜ ਸਾਲ ਹੋਰ ਛੋਟ ਦੇਣੀ ਚਾਹੀਦੀ ਹੈ।

ਦਸਵਾਂ ਵਿੱਤ ਕਮਿਸ਼ਨ : ਜੂਨ 16, 1992, ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਦਸਵਾਂ ਵਿੱਤ ਕਮਿਸ਼ਨ ਸ੍ਰੀ ਕੇ.ਸੀ. ਪੰਤ ਦੀ ਪ੍ਰਧਾਨਗੀ ਹੇਠ ਘੋਸ਼ਿਤ ਕੀਤਾ ਗਿਆ ਪਰ ਇਸ ਕਮਿਸ਼ਨ ਨੇ ਹੁਣੇ-ਹੁਣੇ ਹੀ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਹੈ ਜਿਸ ਰਾਹੀਂ ਕੇਂਦਰ ਸਰਕਾਰ 29 ਪ੍ਰਤੀਸ਼ਤ ਰੈਵੀਨਿਊ ਕੁਲੈਕਸ਼ਨ 'ਚ ਰਾਜਾਂ ਤੇ ਭਾਗੀਦਾਰੀ ਹੋਵੇ।

ਗਿਆਰਵਾਂ ਵਿੱਤ ਕਮਿਸ਼ਨ : ਗਿਆਰਵਾਂ ਵਿੱਤ ਕਮਿਸ਼ਨ 5 ਜੁਲਾਈ 1998 ਪ੍ਰੋ. ਏ.ਐਮ. ਖੁਸਰੋ ਦੀ ਚੇਅਰਮੈਨਸ਼ਿਪ ਅਧੀਨ ਭਾਰਤ ਸਰਕਾਰ ਦੁਆਰਾ ਬਣਾਇਆ ਗਿਆ। ਇਸ ਨੂੰ ਕਿਹਾ ਗਿਆ ਕਿ ਵਿੱਤ ਕਮਿਸ਼ਨ ਦਾ ਸਿਰਫ ਇਹ ਹੀ ਕੰਮ ਨਹੀਂ ਕਿ ਉਹ ਕੇਂਦਰ ਦੁਆਰਾ ਇਕੱਤਰ ਕੀਤੇ ਗਏ ਫੰਡਜ਼ ਨੂੰ ਰਾਜਾਂ ਵਿਚ Distribute ਕਰੇ ਸਗੋਂ ਉਹ ਤਾਂ ਫੈਡਰਲ ਸਟਰਕਚਰ ਵਿਚ ਵਿੱਤੀ ਪ੍ਰਬੰਧਾਂ ਨੂੰ ਦਿਸ਼ਾ ਪ੍ਰਦਾਨ ਕਰੇ। ਗਿਆਰਵੇਂ ਵਿੱਤ ਕਮਿਸ਼ਨ ਨੇ ਆਪਣੀ ਰਿਪੋਰਟ 7 ਜੁਲਾਈ 2000 ਨੂੰ ਦਿੱਤੀ। ਇਸਨੇ ਰਾਜਾਂ ਵਿਚਕਾਰ ਸ੍ਰੋਤਾਂ ਦੀ ਵੰਡ ਦੇ ਚਲੇ ਆ ਰਹੇ ਫਾਰਮੂਲੇ ਵਿਚ ਸੋਧ ਕੀਤੀ ਤੇ 28% ਜਮ੍ਹਾਂ 1.5% ਵਧੀਕ Excise duties (sales tax ਦੀ ਥਾਂ) ਤਜਵੀਜ ਕੀਤੀ ਜੋ ਨਾਮਾਤਰ ਹੈ ਭਾਵ ਕੇਵਲ 0.5%।

ਰਾਜਾਂ ਦਰਮਿਆਨ ਵਿੱਤੀ ਵੰਡ ਦਾ ਫਾਰਮੂਲਾ ਵੀ ਬੇਹਤਰ ਵਿੱਤੀ ਪ੍ਰਦਸ਼ਨ ਕਰਨ ਵਾਲੇ ਰਾਜਾਂ ਦੁਆਰਾ ਅਨੁਚਤ ਠਹਿਰਾਇਆ ਗਿਆ ਅਤੇ ਨਿੰਦਿਆ ਗਿਆ ਕਿਉਂਕਿ ਇਸ ਤੋਂ ਇਹ ਜਾਪਦਾ ਹੈ ਕਿ ਵਧੀਆ ਕੰਮ ਕਰਨ ਵਾਲੇ ਨੂੰ ਸਜ਼ਾ ਅਤੇ ਮਾੜੀ ਪਰਫਾਰਮੈਂਸ ਵਾਲੇ ਨੂੰ ਇਨਾਮ ਨਾਲ ਨਵਾਜਿਆ ਗਿਆ। ਪਰ ਇਸ ਸੰਬੰਧੀ ਪੱਖ ਲੈਂਦੇ ਹੋਏ ਕਮਿਸ਼ਨ ਨੇ ਇਹ ਦਲੀਲ ਪੇਸ਼ ਕੀਤੀ ਕਿ ਮਾੜੀ ਹਾਲਤ ਦੇ ਸ਼ਿਕਾਰ ਰਾਜਾਂ ਦਾ ਆਪਣੇ ਕਾਰਕਾਂ ਉਪਰ ਕੋਈ ਨਿਯੰਤਰਣ ਨਹੀਂ, ਇਸ ਕਾਰਨ ਉਹਨਾਂ ਦੀ ਮਾਲੀ ਸਹਾਇਤਾ ਕਰਨੀ ਚਾਹੀਦੀ ਹੈ।

ਆਰਥਿਕ ਸਥਿਰਤਾ ਅਤੇ ਬਜਟ ਦਾ ਸੰਤੁਲਨ ਬਣਾਈ ਰੱਖਣ ਲਈ ਭਾਵ ਵਧਦੇ ਵਿਤੀ ਘਾਟੇ ਤੇ ਕਾਬੂ ਪਾਉਣ ਲਈ ਕਮਿਸ਼ਨ ਨੂੰ ਕੇਂਦਰ ਅਤੇ ਰਾਜਾਂ ਦੀ ਵਿੱਤੀ ਅਵਸਥਾ ਨੂੰ ਪਰਖਣ ਲਈ ਕਿਹਾ ਗਿਆ। ਇਸ ਸਬੰਧੀ ਕਮਿਸ਼ਨ ਨੇ ਸੁਝਾਉ ਦਿੱਤੀ ਕਿ ਵਿੱਤੀ ਅਵਸਥਾ ਨੂੰ ਬੇਹਤਰ ਬਣਾਉਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਆਪਣੇ-ਆਪਣੇ ਯੋਜਨਾਬੱਧ ਖਰਚੇ ਤੋਂ ਕੀਤੇ ਜਾਣ ਵਾਲੇ ਅਤਿਰਿਕਤ ਪਰ ਵਧਦੇ ਖਰਚੇ (Unplanned Expenditure) ਉਪਰ ਨਿਯੰਤਰਣ ਕਰਨ ਦੀ ਸਖ਼ਤ ਜ਼ਰੂਰਤ ਹੈ। ਇਹ ਤਾਂਹੀ ਸੰਭਵ ਹੈ ਜੇਕਰ ਕਠੋਰ ਵਿੱਤੀ ਨਿਯੰਤਰਣ ਦੀ ਪਾਲਣਾ ਕੀਤੀ ਜਾਵੇ ਅਤੇ ਬਚਤਾਂ ਦੀ ਦਰ ਨੂੰ ਵਧਾਇਆ ਜਾਵੇ ਤਾਂ ਜੋ ਪੂੰਜੀ ਨਿਵੇਸ਼ ਵਿਚ ਵਾਧਾ ਹੋ ਸਕੇ। ਕਮਿਸ਼ਨ ਨੇ ਬਹੁਮੁੱਖੀ ਵਿਕਾਸ, ਸੰਤੁਲਿਤ ਵਿਕਾਸ ਅਤੇ ਸਭ ਦੀਆਂ ਮੁੱਢਲੀ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਟੀਚਿਆਂ ਉਪਰ ਜ਼ੋਰ ਦਿੱਤਾ।

ਗਿਆਰਵੇਂ ਵਿੱਤ ਕਮਿਸ਼ਨ ਵਿੱਚ ਪੱਧਰ ਉੱਚਾ ਚੁੱਕਣ ਲਈ ਅਤੇ ਵਿਸ਼ੇਸ਼ ਸਮੱਸਿਆ ਅਨੁਦਾਨ ਲਈ 4,972,63 ਕਰੋੜ ਰੁਪਏ ਰਾਸ਼ੀ ਰੱਖਣ ਦੀ ਸਿਫਾਰਿਸ਼ ਕੀਤੀ ਗਈ ਸੀ।

ਉਪਰੋਕਤ ਵਿਆਖਿਆ ਤੋ ਇਹ ਸਪਸ਼ਟ ਹੈ ਕਿ ਸਾਰੇ ਵਿੱਤ ਕਮਿਸ਼ਨਾਂ ਨੇ ਕਿਸੇ ਇਕ ਢੰਗ ਨੂੰ ਨਹੀ ਅਪਣਾਇਆ। ਇਸ ਲਈ ਅਨੁਦਾਨ ਦੀ ਰਕਮ ਦੇਣ ਬਾਰੇ ਆਖਿਆ ਜਾਂਦਾ ਹੈ ਕਿ ਆਮ ਤੌਰ ਤੇ ਕਮਿਸ਼ਨ ਸਾਹਮਣੇ ਮੁੱਖ ਢੰਗ ਬਜਟ ਵਿਚ ਘਾਟਾ ਸੀ ਪ੍ਰੰਤੂ ਇਸ ਢੰਗ ਨੂੰ ਵੀ ਹਰ ਇਕ ਕਮਿਸ਼ਨ ਨੇ ਨਹੀਂ ਅਪਣਾਇਆ ਅਤੇ ਇਹ ਵੀ ਜ਼ਰੂਰੀ ਨਹੀ ਕਿ ਬਜਟ ਵਿਚ ਘਾਟਾ ਇਸ ਕਰਕੇ ਕਰਦੀ ਹੈ ਸਗੋਂ ਸਰਕਾਂ ਨੂੰ ਅਨੁਦਾਨ ਵਜੋਂ ਇਕ ਸੀਮਤ ਯੋਗਦਾਨ ਹੀ ਪਾਇਆ ਹੈ। ਪ੍ਰਾਪਤ ਅੰਕੜਿਆਂ ਤੋ ਪਤਾ ਲਗਦਾ ਹੈ ਕਿ ਰਾਜ ਸਰਕਾਰਾਂ ਨੂੰ ਵਿੱਤ ਕਮਿਸ਼ਨ ਦੁਆਰਾ ਗ੍ਰਾਂਟਸ ਦੀ ਮਾਤਰਾ ਪਲੈਨਿੰਗ ਕਮਿਸ਼ਨ ਦੁਆਰਾ ਅਤੇ ਹੋਰ ਮੰਤਰਾਲਿਆਂ ਦੁਆਰਾ ਦਿੱਤੀਆਂ ਗ੍ਰਾਂਟਸ ਦੇ ਮੁਕਾਬਲੇ ਬਹੁਤ ਘੱਟ ਹੈ।

ਕਰਜ਼ੇ ਲਈ ਸਹਾਇਤਾ (Debt Relief) :

ਕੇਂਦਰ ਸਰਕਾਰ ਵਲੋਂ ਰਾਜ ਸਰਕਾਰਾਂ ਨੂੰ ਸਾਧਨ ਤਬਦੀਲ ਕਰਨ ਦਾ ਇਕ ਹੋਰ ਹਥਿਆਰ ਕਰਜ਼ਿਆਂ ਲਈ ਸਹਾਇਤਾ ਹੈ। ਪਹਿਲੇ ਪੰਜ ਕਮਿਸ਼ਨਾਂ ਨੇ ਭਾਵੇਂ ਕਰਜ਼ ਦੇ ਭੁਗਤਾਨ ਨੂੰ ਆਪਣੇ ਧਿਆਨ ਵਿਚ ਲਿਆਂਦਾ ਸੀ ਅਤੇ ਇਸ ਨੂੰ ਨਿਬੇੜਨ ਦੇ ਸੁਝਾਅ ਦਿੱਤੇ ਸਨ ਪ੍ਰੰਤੂ ਛੇਵੇਂ ਕਮਿਸ਼ਨ ਨੂੰ ਵਿਸ਼ੇਸ਼ ਤੌਰ ਤੇ ਇਸ ਸਮੱਸਿਆ ਦੇ ਹੱਲ ਲਈ ਸਿਫਾਰਸ਼ਾਂ ਕਰਨ ਲਈ ਕਿਹਾ ਗਿਆ ਸੀ। ਇਸ ਵਲੋਂ 1970 ਕਰੋੜ ਰੁਪਏ ਦੀ ਕੁਲ ਰਕਮ ਕਰਜ਼ੇ ਲਈ ਸਹਾਇਤਾ ਵਜੋਂ ਦਿਤੇ ਜਾਣ ਦੀ ਸਿਫਾਰਿਸ਼ ਕੀਤੀ ਗਈ ਸੀ। ਸੱਤਵੇਂ ਵਿੱਤ ਕਮਿਸ਼ਨ ਵਲੋਂ 2.50 ਕਰੋੜ ਰੁਪਏ ਦੀ ਰਾਸ਼ੀ ਕਰਜ਼ੇ ਲਈ ਸਹਾਇਤਾ ਵਜੋ ਦਿਤੇ ਜਾਣ ਦੀ ਸਿਫਾਰਿਸ਼ ਕੀਤੀ ਗਈ ਸੀ। ਨੌਵੇਂ ਵਿੱਤ ਕਮਿਸ਼ਨ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ 3,640 ਕਰੋੜ ਰੁਪਏ ਰਾਸ਼ੀ ਇਸ ਮੰਤਵ ਲਈ ਤਬਦੀਲ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ।

ਉਪਰ ਅਸੀਂ ਵਿਸਤਾਰ ਵਿਚ ਆਮਦਨ ਕਰ, ਉਤਪਾਦਨ ਕਰ, ਅਨੁਦਾਨ ਅਤੇ ਕਰਜ਼ਿਆਂ ਬਾਰੇ ਵਿੱਤ ਕਮਿਸ਼ਨ ਵਲੋਂ ਕੀਤੀਆਂ ਸਿਫਾਰਿਸ਼ਾਂ ਦਾ ਅਧਿਐਨ ਕੀਤਾ ਹੈ ਪ੍ਰੰਤੂ ਇਨ੍ਹਾਂ ਤੋਂ ਇਲਾਵਾ ਕਮਿਸ਼ਨ ਰੇਲਵੇ ਮੁਸਾਫਰਾਂ ਦੇ ਕਿਰਾਏ ਵੁਪਰਬ ਕਰ ਬਦਲੇ ਹਾਨੀ ਪੂਰਤੀ ਅਨੁਦਾਨ, ਕੁਦਰਤੀ ਆਫਤਾਂ ਤੇ ਪਰਕੋਪ ਲਈ ਸਹਾਇਤਾ ਦੀਆਂ ਸਿਫਾਰਿਸ਼ਾਂ ਵੀ ਕਰਦਾ ਹੈ।

ਗਿਆਰਵੇਂ ਵਿੱਤ ਕਮਿਸ਼ਨ ਦੀਆਂ ਹੋਰ ਸਿਫਾਰਿਸ਼ਾਂ :

ਗਿਆਰਵੇਂ ਵਿੱਤ ਕਮਿਸ਼ਨ ਨੇ

(i) ਸੰਘੀ ਵਿੱਤ ਢਾਂਚੇ ਦੇ ਸੁਧਾਰ ਲਈ ਅਤੇ ਕਰਜ਼ੇ ਦੇ ਪ੍ਰਬੰਧ ਨਿਯੰਤਰਣ ਲਈ ਸੰਸਥਾਤਮਕ ਸੁਧਾਰ ਅਤੇ (ii) ਸੇਵਾਵਾਂ ਨੂੰ Concurrent list ਲਿਆ ਕੇ ਕਾਨੂੰਨੀ ਸੁਧਾਰ ਕੀਤੇ। ਇਸ ਤੋਂ ਇਲਾਵਾ ਗਿਆਰਵੇਂ ਵਿੱਤ ਕਮਿਸ਼ਨ ਵੱਲੋਂ ਦਿੱਤੇ ਗਏ ਹੋਰ ਸੁਝਾਅ ਇਸ ਤਰ੍ਹਾਂ ਹਨ :

* ਸੇਵਾਵਾਂ ਨੂੰ ਕਰਾਂ ਦੇ ਘੇਰੇ ਵਿਚ ਲਿਆ ਕੇ ਕਰ ਆਧਾਰ ਦਾ ਵਿਸਤਾਰ ਕਰਨ ਦਾ ਸੁਝਾਅ ਦਿੱਤਾ।
* ਰਾਜਾਂ ਦੀ ਆਮਦਨ ਵਧਾਉਣ ਲਈ Profession tax ਅਤੇ ਖੇਤੀ ਆਮਦਨ ਤੇ ਕਰ ਨੂੰ ਲਗਾਉਣ ਦਾ ਸੁਝਾਅ ਦਿੱਤਾ।
* ਕਰ ਦਰ ਵਿੱਚ ਬਿਨਾਂ ਵਾਧਾ ਕੀਤਿਆਂ ਕਰ ਆਧਾਰ ਦੀ ਪੂਰੀ ਵਰਤੋਂ ਦੀ ਲੋੜ ਨੂੰ ਅਹਿਮੀਅਤ ਦਿੱਤੀ।
* ਗੈਰ-ਕਰ ਆਮਦਨ ਵਧਾਉਣ ਲਈ ਵਰਤੋਂ ਲਾਗਤਾਂ (user charges) ਤੇ ਨਿਰਭਰ ਹੋਣਾ ਜ਼ਰੂਰੀ ਦੱਸਿਆ।
* ਰਾਜਾਂ ਵਿੱਚ ਸਥਾਨਕ ਪ੍ਰਸ਼ਾਸਨ ਨੂੰ ਸ਼ਕਤੀਸ਼ਾਲੀ ਬਣਾਉਣਾ।
* ਹਰੇਕ ਰਾਜ ਵਿੱਚ ਸਰੰਚਨਾਤਮਕ ਢਾਂਚਾ ਬਨਾਉਣਾ।
* ਅਨੁਦਾਨ (subsidies) ਨੂੰ ਘਟਾਉਣਾ।
* ਹਰ ਪੱਧਰ ਦੀ ਸਰਕਾਰ ਦਾ ਆਕਾਰ ਘਟਾਉਣਾ।
* ਸਰਕਾਰੀ ਖਰਚੇ ਦੇ ਪ੍ਰੋਗ੍ਰਾਮਾਂ ਨੂੰ ਸੁਧਾਰਨਾ।

ਬਾਰ੍ਹਵਾਂ ਵਿੱਤ ਕਮਿਸ਼ਨ ਡਾ. ਸੀ. ਰੰਗਾਰਾਜਨ ਦੀ ਪ੍ਰਧਾਨਗੀ ਹੇਠ 1 ਨਵੰਬਰ, 2002 ਨੂੰ ਬਿਠਾਇਆ ਗਿਆ ਸੀ ਜਿਸ ਨੇ ਆਪਣੀਆਂ ਸਿਫਾਰਿਗਿ 17 ਦਸੰਬਰ, 2004 ਨੂੰ ਦੇ ਦਿੱਤੀਆਂ ਹਨ। ਬਾਰ੍ਹਵੇਂ ਵਿੱਤ ਕਮਿਸ਼ਨ ਦੀਆਂ ਅਹਿਮ ਸਿਫਾਰਿਸ਼ਾਂ ਹੇਠ ਲਿਖੇ ਅਨੁਸਾਰ ਹਨ।

* ਕੇਂਦਰ ਦੀਆਂ ਕੁੱਲ ਆਮਦਨ ਪ੍ਰਾਪਤੀਆਂ ਵਿੱਚੋਂ ਕੁੱਲ 38 ਪ੍ਰਤੀਸ਼ਤ ਰਾਜਾਂ ਨੂੰ ਤਬਦੀਲ ਕੀਤੇ ਜਾਣ ਦੀ ਸਿਫਾਰਿਸ਼ ਕੀਤੀ। ਗਿਆਰ੍ਹਵੇਂ ਵਿੱਤ ਕਮਿਸ਼ਨ ਸਮੇਂ ਇਹ 37.5 ਪ੍ਰਤੀਸ਼ਤ ਸੀ।
* ਰਾਜਾਂ ਨੂੰ ਕਰਾਂ ਦੇ ਵੰਡਣ ਯੋਗ ਹਿੱਸੇ ਵਿੱਚੋਂ (ਗਿਆਰਵੇਂ ਵਿੱਤ ਕਮਿਸ਼ਨ ਵੱਲੋਂ 29.5 ਪ੍ਰਤੀਸ਼ਤ) 30.5 ਪ੍ਰਤੀਸ਼ਤ ਦੇਣ ਦੀ ਸਿਫਾਰਿਸ਼ ਕੀਤੀ ਹੈ।
* ਕਰਾਂ ਦੇ ਵੰਡਣਯੋਗ ਹਿੱਸੇ ਨੂੰ ਪ੍ਰਾਂਤਾਂ ਵਿੱਚ ਵੰਡਣ ਲਈ ਫਾਰਮੂਲੇ ਵਿੱਚ ਤਬਦੀਲੀ ਕੀਤਾ ਹੈ। ਇਸ ਨੂੰ ਜਨਸੰਖਿਆ ਅਤੇ ਕਾਰਗੁਜ਼ਾਰੀ ਤੱਤਾਂ ਦੇ ਪੱਖ ਵਿੱਚ ਕੀਤਾ ਹੈ ਅਤੇ ਸੰਰਚਨਾਤਮਕ ਢਾਂਚੇ ਵਾਲੇ ਤੱਤ ਨੂੰ ਛੱਡ ਦਿੱਤਾ ਗਿਆ ਹੈ। ਰਾਜਾਂ ਦੇ ਹਿੱਸੇ ਵੰਡਣ ਲਈ ਫਾਰਮੂਲੇ ਵਿੱਚ ਕੀਤੀ ਤਬਦੀਲੀ ਕਾਰਣ ਨਾਨ-ਸਪੈਸ਼ਲ ਸ਼੍ਰੇਣੀ ਰਾਜਾਂ ਦੇ ਹਿੱਸੇ ਵਿੱਚ ਆਈ ਤਬਦੀਲੀ ਨੂੰ ਤੁਸੀਂ ਤਾਲਿਕਾ ਨੰ: 4 ਰਾਹੀਂ ਦੇਖ ਸਕਦੇ ਹੋ। ਬਾਰ੍ਹਵੇਂ ਵਿੱਤ ਕਮਿਸ਼ਨ ਵੱਲੋਂ ਕੀਤੀਆਂ ਤਬਦੀਲੀਆਂ ਕਾਰਣ ਗੁਜਰਾਤ, ਹਰਿਆਣਾ, ਮਹਾਂਰਾਸ਼ਟਰ ਅਤੇ ਪੰਜਾਬ ਆਦਿ ਦੇ ਹਿੱਸੇ ਵਿੱਚ ਕੁਝ ਵਾਧਾ ਹੋਇਆ ਹੈ ਜਦੋਂ ਕਿ ਕੁਝ ਰਾਜਾਂ ਜਿਵੇਂ ਕਿ ਕਰਨਾਟਕ, ਕੇਰਲਾ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਆਦਿ ਦੇ ਹਿੱਸੇ ਵਿੱਚ ਕਮੀ ਆਈ ਹੈ। ਬਾਰ੍ਹਵੇਂ ਵਿੱਤ ਕਮਿਸ਼ਨ ਨੇ 28 ਰਾਜਾਂ ਵਿੱਚੋਂ 15 ਰਾਜਾਂ ਨੂੰ ਗੈਰ-ਨਿਯੋਜਿਤ ਆਮਦਨ ਘਾਟਾ ਅਨੁਦਾਨ (Non-Plan Revenue Deficit Grant) ਵਜੋਂ ਰੁ. 56855.8 ਕਰੋੜ ਰੁ. ਦੀ ਰਾਸ਼ੀ ਦੇਣ ਦੀ ਸਿਫ਼ਾਰਿਸ਼ ਕੀਤੀ ਹੈ।
* ਬਾਰ੍ਹਵੇਂ ਵਿੱਤ ਕਮਿਸ਼ਨ ਨੇ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਸਰਬਜਨਕ ਵਿੱਤ ਨੂੰ ਮੁੜ ਵਿਵਸਥਿਤ ਕਰਨ ਲਈ ਵੀ ਕੁਝ ਢੰਗ ਤਰੀਕੇ ਦੱਸੇ ਹਨ।
* ਵਿੱਤ ਸੁਧਾਰ ਸਹੂਲਤ (Fiscal Reform Facility FRF) ਦੀ ਥਾਂ ਤੇ ਕਰਜ਼ਾ ਨਿਵਾਰਣ ਸਹੂਲਤ (Debt Relief Facility) ਦੀ ਸਿਫ਼ਾਰਿਸ਼ ਕੀਤੀ ਹੈ।

ਤੇਰ੍ਹਵਾਂ ਵਿੱਤ ਕਮਿਸ਼ਨ (Thirteenth Finance Commission) : ਤੇਰ੍ਹਵਾਂ ਵਿੱਛ ਕਮਿਸ਼ਲ ਡਾ. ਵਿਜੈ ਕੇਲਕਰ ਦੀ ਪ੍ਰਧਾਨਗੀ ਹੇਠ 13 ਨਵੰਬਰ, 2007 ਨੂੰ 2010-15 ਦੇ ਸਮੇਂ ਲਈ ਕੇਂਦਰੀ ਕਰ ਪ੍ਰਾਪਤੀਆਂ ਦੀ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਵੰਡ ਅਤੇ ਹੋਰ ਮੁੱਦਿਆਂ ਬਾਰੇ ਸਿਫਾਰਿਸ਼ਾਂ ਦੇਣ ਲਈ ਬਿਠਾਇਆ ਗਿਆ ਸੀ। ਇਸ ਨੇ 30 ਸਤੰਬਰ, 2009 ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਸੀ। ਇਸ ਦੀਆਂ ਅਹਿਮ ਸਿਫ਼ਾਰਿਸ਼ਾਂ ਹੇਠ ਲਿਖੇ ਅਨੁਸਾਰ ਹਨ :

- ਵੰਡਣਯੋਗ ਕੇਂਦਰੀ ਕਰਾਂ ਦੀਆਂ ਸ਼ੁੱਧ ਪ੍ਰਾਪਤੀਆਂ ਦਾ ਰਾਜਾਂ ਨੂੰ ਦਿੱਤਾ ਜਾਣ ਵਾਲਾ ਹਿੱਸਾ, ਜੋ ਕਿ ਬਾਰ੍ਹਵੇਂ ਵਿੱਤ ਕਮਿਸ਼ਨ ਵੱਲੋਂ 30.5 ਪ੍ਰਤੀਸ਼ਤ ਰੱਖਿਆ ਗਿਆ ਸੀ, ਵਧਾ ਕੇ 32 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਭਾਵੇਂ ਬਹੁਤ ਸਾਰੇ ਰਾਜਾਂ ਨੇ ਹਿੱਸਾ ਵਧਾ ਕੇ 50 ਪ੍ਰਤੀਸ਼ਤ ਕਰਨ ਦੀ ਮੰਗ ਕੀਤੀ ਸੀ।
- ਤੇਰ੍ਹਵੇਂ ਵਿੱਤ ਕਮਿਸ਼ਨ ਵੱਲੋ ਕੇਂਦਰ ਵੱਲੋਂ ਰਾਜ ਸਰਕਾਰਾਂ ਨੂੰ ਦਿੱਤੇ ਜਾਣ ਵਾਲੇ ਅਨੁਦਾਨ ਦੀ ਕੁਲ ਰਾਸ਼ੀ 3185.81 ਬਿਲੀਅਨ ਰੁਪਏ ਦੀ ਸਿਫਾਰਿਸ਼ ਕੀਤੀ ਗਈ ਹੈ ਜੋ ਕਿ ਬਾਰ੍ਹਵੇਂ ਵਿੱਤ ਕਮਿਸ਼ਨ ਵੱਲੋ ਦਿੱਤੀ ਗਈ ਰਾਸ਼ੀ ਨਾਲੋਂ ਦੁੱਗਣੇ ਤੋਂ ਵੀ ਵੱਧ ਹੈ।
- ਵੰਡਣਯੋਗ ਹਿੱਸੇ ਦਾ 2.5 ਪ੍ਰਤੀਸ਼ਤ ਤੱਕ ਹਿੱਸਾ ਸਥਾਨਕ ਸੰਸਥਾਵਾਂ ਨੂੰ ਗ੍ਰਾਂਟ ਵਜੋਂ ਦੇਣ ਦੀ ਸਿਫ਼ਾਰਿਸ਼ ਕੀਤੀ ਗਈ ਹੈ।
- ਕੇਂਦਰੀ ਦੀ ਕੁੱਲ ਕਰ ਆਮਦਨ ਵਿੱਚੋਂ ਰਾਜਾਂ ਨੂੰ ਮਾਲੀ ਲੇਖੇ ਤੇ ਤਬਦੀਲ ਕੀਤੀ ਜਾਣ ਵਾਲੀ ਰਾਸ਼ੀ ਦੀ ਸੀਮਾ 39.5 ਨਿਰਧਾਰਿਤ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ।
- ਕੁੱਲ ਘਰੇਲੂ ਪੈਦਾਵਾਰ ਵਿੱਚੋਂ ਕੇਂਦਰ ਅਤੇ ਰਾਜਾਂ ਦੀ ਸੰਯੁਕਤ ਰਿਣ ਦੀ ਪ੍ਰਤੀਸ਼ਤਤਾ ਮਾਰਚ 2015 ਤੱਕ 68 ਪ੍ਰਤੀਸ਼ਤ ਤੱਕ ਲਿਆਉਣ ਦੀ ਸਿਫ਼ਾਰਿਸ਼ ਕੀਤੀ ਹੈ।
- ਵਸਤਾਂ ਅਤੇ ਸੇਵਾਵਾਂ ਤੇ ਕਰ ਲਈ ਇੱਕੋ ਦਰ ਸੁਝਾਈ ਗਈ ਹੈ।
- ਸਾਲ 2013-14 ਤੱਕ ਸਰਕਾਰ ਨੂੰ ਕੁੱਲ ਘਰੇਲੂ ਪੈਦਾਵਾਰ ਵਿੱਚੋਂ ਵਿੱਤੀ ਘਾਟਾ 3 ਪ੍ਰਤੀਸ਼ਤ ਤੱਕ ਲਿਆਉਣ ਅਤੇ ਸਾਲ 2014-15 ਤੱਕ ਮਾਲੀ ਘਾਟਾ ਖਤਮ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ।

Type Setting : Department of Distance Education, Punjabi University, Patiala.

- 13ਵੇਂ ਵਿੱਤ ਕਮਿਸ਼ਨ ਨੇ ਰਾਜਾ ਵਿੱਚ ਗ੍ਰਾਮ ਪੰਚਾਇਤਾਂ ਅਤੇ ਸ਼ਹਿਰੀ ਸੰਸਥਾਵਾਂ ਦੇ ਵਿਕਾਸ ਲਈ ਗ੍ਰਾਂਟ ਦੀ ਵੰਡ ਦੇ ਰੂਪ ਵਿੱਚ 2.88 ਲੱਖ ਕਰੋੜ ਰੁਪਏ ਦਿੱਤੇ ਗਏ
- ਕਮਿਸ਼ਨ ਦੇ ਅਨੁਸਾਰ ਸ਼ਹਿਰੀ ਖੇਤਰਾਂ ਦਾ ਵਿਕਾਸ ਕਰਨ ਲਈ ਸ਼ਹਿਰਾਂ ਵਿੱਚ ਨਗਰ ਨਿਗਮ ਨੂੰ 21.83 ਕਰੋੜ ਰੁਪਏ।
- 13ਵੇਂ ਵਿੱਤ ਕਮਿਸ਼ਨ ਦੀ ਸਿਫਾਰਿਸ਼ ਦੇ ਅਨੁਸਾਰ ਗ੍ਰਾਂਟ ਦੇ ਰੂਪ ਵਿੱਚ 19,930 ਕਰੋੜ ਰੁਪਏ ਰਾਜਾਂ ਵਿੱਚ ਚਾਰ ਸਾਲਾਂ ਦੇ ਅੰਦਰ (2011-12 ਤੋਂ 2014-15) ਤੱਕ ਸੜ੍ਹਕਾਂ ਅਤੇ ਬ੍ਰਿਜ ਬਣਾਏ ਜਾਣ ਲਈ।
- ਰਾਜਾਂ ਵਿੱਚ ਗ੍ਰਾਂਟ ਦੇ ਰੂਪ ਵਿੱਚ 24,068 ਕਰੋੜ ਪ੍ਰਾਇਮਰੀ ਸਿੱਖਿਆ ਲਈ।
- 13ਵੇਂ ਵਿੱਤ ਕਮਿਸ਼ਨ ਦੇ ਅਨੁਸਾਰ ਰਾਜਾਂ ਨੂੰ ਵਿਸ਼ੇਸ਼ ਲੋੜਾਂ ਲਈ 27,945 ਕਰੋੜ ਦਿੱਤੇ ਗਏ ਹਨ।
- 13ਵੇਂ ਵਿੱਤ ਕਮਿਸ਼ਨ ਦੀ ਸਿਫਾਰਸ਼ ਦੇ ਅਨੁਸਾਰ 5,000 ਰੁਪਏ ਦੀ ਰਾਸ਼ੀ ਰਾਜਾਂ ਵਿੱਚ ਜੰਗਲ, ਊਰਜਾ ਅਤੇ ਪਾਣੀ ਸੈਕਟਰ ਪ੍ਰਬੰਧ ਲਈ।
- ਕੇਂਦਰ ਵਿੱਚ **Tie National Calamity Contingency Fund (NCCF)** ਵਿੱਚ ਮਿਲਕੇ **The National Disaster Response Fund (NDRF)** ਹੋ ਗਿਆ ਹੈ। ਰਾਜਾਂ ਵਿੱਚ **The Calamity Relief Fund (CRP)** ਨਾਲ **The State Disaster Response Funds (SDRFs)**

ਤਾਲਿਕਾ - 4

ਕੇਂਦਰੀ ਕਰ ਆਮਦਨ ਵਿੱਚ ਰਾਜਾਂ ਦਾ ਹਿੱਸਾ

ਪ੍ਰਾਂਤ/ਰਾਜ	ਦਸਵਾਂ ਵਿੱਤ ਕਮਿਸ਼ਨ	ਗਿਆਰਵਾਂ ਵਿੱਤ ਕਮਿਸ਼ਨ	ਬਾਰ੍ਹਵਾਂ ਵਿੱਤ ਕਮਿਸ਼ਨ (ਸੇਵਾ ਕਰ ਤੋਂ ਬਿਨਾਂ)	ਤੇਰ੍ਹਵਾਂ ਵਿੱਤ ਕਮਿਸ਼ਨ	ਚੌਧਵਾਂ ਵਿੱਤ ਕਮਿਸ਼ਨ ਕਰੋੜ ਰੁਪਏ ਵਿੱਚ
ਉੱਤਰ ਪ੍ਰਦੇਸ਼	17.81	19.79	19.26	19.67	6735.81
ਬਿਹਾਰ	12.86	14.59	11.02	10.91	3624.37
ਮੱਧ ਪ੍ਰਦੇਸ਼	8.29	8.83	6.71	7.12	2835.75
ਪੱਛਮੀ ਬੰਗਾਲ	7.47	8.11	7.05	7.26	2746.11
ਆਂਧਰਾ ਪ੍ਰਦੇਸ਼	8.46	7.70	7.35	6.93	1616.78
ਰਾਜਸਥਾਨ	5.55	5.47	5.60	5.83	2065.79
ਤਾਮਿਲਨਾਡੂ	6.63	5.38	5.30	4.96	1510.51
ਉੜੀਸਾ	4.49	5.05	5.16	4.77	1743.46
ਕਰਨਾਟਕ	5.33	4.93	4.99	4.32	1770.46
ਮਹਾਂਰਾਸ਼ਟਰ	6.12	4.63	4.99	5.19	2075.59
ਅਸਾਮ	2.78	3.28	3.23	3.62	1242.76
ਕੇਰਲਾ	3.87	3.05	2.66	2.34	937.15
ਗੁਜਰਾਤ	4.04	2.82	3.56	3.04	1159.56
ਜੰਮੂ ਅਤੇ ਕਸ਼ਮੀਰ	1.09	1.29	1.29	1.55	577.63
ਪੰਜਾਬ	1.46	1.14	1.29	1.38	590.88
ਹਰਿਆਣਾ	1.23	0.94	1.07	1.04	406.10
ਹਿਮਾਚਲ ਪ੍ਰਦੇਸ਼	0.70	0.68	0.55	0.78	267.38
ਤ੍ਰਿਪੁਰਾ	0.37	0.48	0.42	0.51	240.62
ਮਨੀਪੁਰ	0.28	0.36	0.36	0.45	231.27
ਅਰੁਣਾਚਲ ਪ੍ਰਦੇਸ਼	0.17	0.24	0.28	0.32	516.48
ਮੇਘਾਲਿਆ	0.28	0.22	0.26	0.40	231.27
ਨਾਗਾਲੈਂਡ	0.18	–	0.25	0.31	186.68
ਗੋਆ	0.18	0.20	0.25	0.26	141.51
ਮੀਜ਼ੋਰਮ	0.14	0.19	0.23	0.26	172.40
ਸਿੱਕਮ	0.12	0.18	0.93	0.23	137.46
ਉਤਰਾਂਚਲ	–	–	0.93	–	394.68
ਝਾਰਖੰਡ	–	–	3.36	2.802	1178.33
ਛਤੀਗੱੜ	–	–	2.65	2.47	1157.94
ਕੁੱਲ	100.0	100	100	100	37420.86

Major Recommendations of 13th Finance Commission

The Thirteenth Finance Commission (FC-XIII) was constituted by the President under Article 280 of the Constitution on 13 November 2007 to make recommendations

for the period 2010-15. Dr. Vijay Kelkar was appointed the Chairman of the Commission. Dr. Indira Rajaraman, Professor Emeritus, National Institute of Public Finance & Policy NIPFP), Dr. Abusaleh Shariff, Chief Economist, National Council of Applied Economic Research (NCAER), and Professor Atul Sarma, Former Vice-Chancellor, Rajiv Gandhi University (formerly Arunachal University) were appointed full time Members. Shri B.K. Chaturvedi, Member, Planning Commission was appointed as a part-time Member. Shri Sumit Bose was appointed as Secretary to the Commission. Subsequently, the President appointed Dr. Sanjiv Misra, Former Secretary (Expenditure), Ministry of Finance as Member of the Commission in place of Dr. Abusaleh Shariff, who was unable to join.

Main Recommendations

Finances of Union and States

1. The Ministry of Finance (MoF) should ensure that the finance accounts fully reflectthe collections under cesses and surcharges as per the relevant heads, so that there are no inconsistencies between the amounts released to states in any year and the respective percentage shares in net central taxes recommended by the Finance Commission for that year. The states need to address the problem of losses in the power sector in a time-bound manner. Initiatives should be taken to reduce the number of Centrally Sponsored Schemes (CSS) and to restore the predominance of formula-based plan transfers.

Union Finances

2. The policy regarding use of proceeds from disinvestment needs to be liberalised to also include capital expenditure on critical infrastructure and the environment. Records of landholdings of PSUs need to be properly maintained to ensure that this scarce resource is put to productive use, or made available for other public projects, or else, sold.

State Finances

3. The practice of diverting plan assistance to meet non-plan needs of special category states should be discontinued. With reference to public sector undertakings:

i) All states should endeavour to ensure clearance of the accounts of all their Public Sector Undertakings (PSUs).

ii) The states should use the flexibility provided by the Comptroller and Auditor General (C&AG) to clear the backlog of PSU accounts.

iii) All states need to draw up a roadmap for closure of non-working PSUs by March 2011. Divestment and privatisation of PSUs should be considered and actively pursued.

iv) The Ministry of Corporate Affairs should closely monitor the compliance of state and central PSUs with their statutory obligations.

v) A task force may be constituted to design a suitable strategy for disinvestment/

privatisation and oversee the process. A Standing Committee on restructuring may be constituted under the chairmanship of the Chief Secretary to operationalise the recommendations of the task force. An independent technical secretariat may be set up to advise the finance departments in states on restructuring/disinvestment proposals.

4. With reference to the power sector: i) Reduction of Transmission and Distribution (T&D) losses should be attempted through metering, feeder separation, introduction of High Voltage Distribution Systems (HVDS), metering of distribution transformers and strict anti-theft measures. Distribution franchising and Electricity Services Company (ESCO)-based structures should be considered for efficiency improvement.

5. States with large cash balances should make efforts towards utilising these before resorting to fresh borrowings.

6. With reference to accounting reforms:

i) The Government of India (GoI) should ensure uniformity in the budgetary classification code across all states. The list of appendices to the finance accounts of states also needs to be standardised.

ii) Public expenditure through creation of funds outside the consolidated fund of the states needs to be discouraged. Expenditure through such funds and from civil deposits should be brought under the audit jurisdiction of the C&AG.

iii) The following statements need to be provided with the finance accounts of states: a) Comprehensive data on all subsidies.

b) Consolidated information on the number of employees at each level, along with the commitment on salary. This statement should also include information on employees and their salary where such expenditure is shown as grants or booked under other expenditure.

14ਵੇਂ ਵਿੱਤ ਕਮਿਸ਼ਨ (The Fourteenth Finance Commission) : 14ਵੇਂ ਵਿੱਤ ਕਮਿਸ਼ਨ ਦਾ ਗਠਨ 2 ਜਨਵਰੀ 2013 ਵਿੱਚ ਡਾ. ਵਾਈ.ਵੀ. ਰੈਡੀ ਦੀ ਪ੍ਰਧਾਨਤਾ ਹੇਠ ਹੋਇਆ। ਜਿਸ ਨੇ ਆਪਣੀਆਂ ਸਿਫਾਰਸ਼ਾਂ 31 ਅਕਤੂਬਰ 2014 ਨੂੰ ਦੇ ਦਿੱਤੀਆਂ ਹਨ। 14ਵੇਂ ਵਿੱਤ ਕਮਿਸ਼ਨ ਦੀਆਂ ਅਹਿਮ ਸਿਫਾਰਸ਼ਾਂ ਹੇਠ ਲਿਖੇ ਅਨੁਸਾਰ ਹਨ :

– 14ਵੇਂ ਵਿੱਤ ਕਮਿਸ਼ਨ ਨੂੰ ਕੇਂਦਰ ਸਰਕਾਰ ਦੇ ਕਰਾਂ ਵਿੱਚ ਰਾਜਾਂ ਨੂੰ ਮਿਲਣ ਵਾਲੀ ਹਿੱਸਾਦਾਰੀ ਵਧਾ ਕੇ 10 ਪ੍ਰਤੀਸ਼ਤ ਕੀਤੀ ਗਈ ਹੈ। ਕੁੱਲ ਮਿਲਾ ਕੇ ਕੇਂਦਰੀ ਕਰਾਂ ਵਿੱਚ ਰਾਜਾਂ ਦੀ ਹਿੱਸਾਦਾਰੀ 42 ਪ੍ਰਤੀਸ਼ਤ ਹੈ ਜੋ ਕਿ ਪਹਿਲਾ **32** ਪ੍ਰਤੀਸ਼ਤ ਸੀ।

– 14ਵੇਂ ਵਿੱਤ ਕਮਿਸ਼ਨ ਵੱਲੋਂ ਰਾਜ ਸਰਕਾਰ ਨੂੰ ਦਿੱਤੇ ਜਾਣ ਵਾਲੇ ਅਨੁਦਾਨ ਦੀ ਰਾਸ਼ੀ 2014–15 ਵਿੱਚ 3,48,000 ਕਰੋੜ ਰੁਪਏ ਅਤੇ 2015–16 ਵਿੱਚ 5,26,000 ਕਰੋੜ ਰੁਪਏ ਦੀ ਸਿਫਾਰਸ਼ ਕੀਤੀ ਗਈ ਹੈ।

– ਵੰਡਣਯੋਗ ਹਿੱਸੇ ਦਾ 5.3 ਪ੍ਰਤੀਸ਼ਤ ਤੱਕ ਹਿੱਸਾ ਸਥਾਨਕ ਸੰਸਥਾਵਾਂ ਨੂੰ ਗ੍ਰਾਂਟ ਵਜੋਂ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਰਾਜਾਂ ਨੂੰ ਪੰਚਾਇਤਾਂ ਲਈ 13,641 ਕਰੋੜ ਰੁਪਏ ਅਤੇ ਸ਼ਹਿਰੀ ਲੋਕ ਸੰਸਥਾਵਾਂ ਲਈ 23,948 ਕਰੋੜ ਰੁਪਏ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

– ਕੇਂਦਰ ਦੀ ਕੁੱਲ ਕਰ ਆਮਦਨ ਵਿਚੋਂ ਰਾਜਾਂ ਨੂੰ ਮਾਲੀ ਲੇਖੇ ਤੇ ਤਬਦੀਲੀ ਕੀਤੀ ਜਾਣ ਵਾਲੀ ਰਾਸ਼ੀ ਦੀ ਸੀਮਾ 49.5 ਨਿਰਧਾਰਿਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

– ਸਰਬਜਨਤਕ ਉਪਯੋਗਤਾ ਸੇਵਾਵਾਂ ਵਿੱਚ ਕੇਂਦਰੀ ਜਨ, ਸਿੰਜਾਈ ਅਤੇ ਬਿਜਲੀ ਨੂੰ ਮੁੜ ਵਿਸਥਿਤ ਕਰਨ ਦੀ ਜਰੂਰਤ।

– ਪ੍ਰਧਾਨ ਮੰਤਰੀ ਗ੍ਰਾਮ ਸੇਵਕ ਯੋਜਨਾ ਅਤੇ ਮੁਖੀਆ ਮੰਤਰੀ ਮਦਦ ਯੋਜਨਾ ਅਧੀਨ ਪੇਂਡੂ ਖੇਤਰਾਂ ਵਿੱਚ ਸੜਕਾਂ ਬਣਾਉਣ ਸੰਬੰਧੀ ਕੇਂਦਰ ਸਰਕਾਰ ਵਲੋਂ 5,600 ਕਰੋੜ ਰੁਪਏ ਦੇਣ ਸੰਬੰਧੀ ਸਿਫਾਰਸ਼ ਕੀਤੀ ਹੈ।

ਸਾਰ

ਉਪਰੋਕਤ ਤੱਥਾਂ ਤੇ ਵਿਚਾਰ ਕਰਨ ਤੋਂ ਪਿੱਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਕੇਂਦਰ ਅਤੇ ਰਾਜਾਂ ਦੇ ਵਿੱਤੀ ਸੰਬੰਧ ਨੂੰ ਨਿਰਧਾਰਤ ਕਰਨ ਵਿੱਚ ਵਿੱਤ ਕਮਿਸ਼ਨ ਨੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪਹਿਲੇ ਵਿੱਤ ਕਮਿਸ਼ਨ ਦੇ ਸਮੇਂ ਰਾਜਾਂ ਨੂੰ ਦਿੱਤੀ ਵਿੱਤੀ ਸਹਾਇਤਾ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਨਹੀਂ ਸੀ, ਅਤੇ ਨਾ ਹੀ ਇਸ ਸਹਾਇਤਾ ਲਈ ਵਿਸ਼ੇਸ਼ ਸਿਧਾਂਤ ਦਾ ਨਿਰਮਾਣ ਕੀਤਾ ਗਿਆ ਸੀ। ਰਾਜਾਂ ਦੀਆਂ ਆਪਣੇ ਇਲਾਕੇ ਦੇ ਲੋਕਾਂ ਪ੍ਰਤੀ ਜ਼ਿੰਮੇਵਾਰੀਆਂ ਵਿਚ ਵਾਧਾ ਹੋਣ ਨਾਲ ਉਨ੍ਹਾਂ ਨੂੰ ਵਧੇਰੇ ਆਰਥਕ ਵਸੀਲਿਆਂ ਦੀ ਮੰਗ ਕੀਤੀ। ਰਾਜਾਂ ਦੀ ਇਸ ਲੋੜ ਨੂੰ ਮੁੱਖ ਰੱਖਦਿਆਂ ਵੱਖ-ਵੱਖ ਵਿੱਤ ਕਮਿਸ਼ਨ ਨੇ ਕੇਂਦਰ ਵੱਲੋਂ ਰਾਜਾਂ ਨੂੰ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਦੀ ਮਿਕਦਾਰ ਵਿਚ ਵਾਧਾ ਕੀਤਾ। ਸਾਡੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਵੱਖ-ਵੱਖ ਇਲਾਕਿਆਂ ਦੀ ਉੱਨਤੀ ਵਿਚ ਅਸੰਤੁਲਨ ਨੂੰ ਰੋਕਣ ਲਈ ਹੌਲੀ-ਹੌਲੀ ਵਿੱਤ ਕਮਿਸ਼ਨ ਨੇ ਜਨਸੰਖਿਆ ਦੀ ਥਾਂ ਗਰੀਬੀ ਅਤੇ ਪੱਛੜੇਪਨ ਨੂੰ ਕੇਂਦਰੀ ਸਹਾਇਤਾ ਦਾ ਆਧਾਰ ਬਣਾਇਆ। ਇਸ ਤਰ੍ਹਾਂ ਪੱਛੜੇ ਰਾਜਾਂ ਨੂੰ ਉੱਨਤੀ ਦੇ ਨਵੇਂ ਅਵਸਰ ਪ੍ਰਦਾਨ ਕੀਤੇ ਗਏ ਅਤੇ ਉਨ੍ਹਾਂ ਨੂੰ ਵਿਕਸਿਤ ਰਾਜਾਂ ਦੇ ਪੱਧਰ ਤੇ ਲਿਆਉਣ ਦਾ ਯਤਨ ਕੀਤਾ ਗਿਆ। ਵਿੱਤ ਕਮਿਸ਼ਨ ਨੇ ਸਮੇਂ ਅਨੁਸਾਰ ਕੇਂਦਰ ਵੱਲੋਂ ਰਾਜਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਵਿੱਚ ਵਾਧਾ ਕਰਕੇ ਭਾਰਤੀ ਸੰਘਾਤਮਕ ਪ੍ਰਣਾਲੀ ਵਿਚ ਕੇਂਦਰ ਰਾਜ ਸੰਬੰਧਾਂ ਨੂੰ ਠੀਕ ਰੱਖਣ ਅਤੇ ਸੰਘਾਤਮਕ ਪ੍ਰਣਾਲੀ ਵਿਚ ਤਨਾਅ ਘਟਾਉਣ ਵਿਚ ਵੀ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ ਹਾਲੇ ਵੀ ਵਿੱਤ ਕਮਿਸ਼ਨ ਦੇ ਮੈਂਬਰ ਕੇਂਦਰੀ ਸਰਕਾਰ ਦੇ ਅਸਰ ਅਧੀਨ ਹੋਣ ਕਾਰਨ ਰਾਜਾਂ ਨੂੰ ਹੋਰ ਆਰਥਕ ਵਸੀਲੇ ਦੇਣ ਲਈ ਤਿਆਰ ਨਹੀਂ ਸਨ। ਵਾਸਤਵ ਵਿੱਚ ਵਿੱਤ ਕਮਿਸ਼ਨ ਦੀ ਬਣਤਰ ਵਿਚ ਸੁਧਾਰ ਕਰਨ ਦੀ ਲੋੜ ਹੈ। ਇਸ ਵਿਚ ਰਾਜਾਂ ਦੇ ਪ੍ਰਤੀਨਿਧਾਂ ਦਾ ਸ਼ਾਮਲ ਹੋਣਾ ਵੀ ਜ਼ਰੂਰੀ ਹੈ। ਅਜਿਹੀ ਤਬਦੀਲੀ ਨਾਲ ਹੀ ਵਿੱਤ ਕਮਿਸ਼ਨ ਕੇਂਦਰ ਅਤੇ ਰਾਜਾਂ ਵਿਚਕਾਰ ਆਰਥਿਕ ਸਾਧਨਾਂ ਦੀ ਵੰਡ ਲਈ ਇਕ ਵਧੀਆ ਸੰਸਥਾ ਦੀ ਭੂਮਿਕਾ ਨਿਭਾਅ ਸਕੇਗਾ।

ਪਾਠ ਨੰ : 2.3

ਵਿੱਤ ਉਪਰ ਸੰਸਦੀ ਨਿਯੰਤਰਣ ਅਤੇ ਸੰਸਦੀ ਵਿੱਤੀ ਕਮੇਟੀਆਂ

ਡਬਲਿਊ. ਈ. ਗਲੈਡਸਟੋਨ ਦੇ ਸ਼ਬਦਾਂ ਵਿੱਚ ਹਰ ਦੇਸ਼ ਦਾ ਵਿੱਤ, ਉਸ ਦੇਸ਼ ਦੀ ਆਜ਼ਾਦੀ ਨਾਲ ਜੁੜਿਆ ਹੁੰਦਾ ਹੈ। ਇਹ ਇੰਗਲੈਂਡ ਲਈ ਖਾਸ ਤੌਰ ਤੇ ਠੀਕ ਜਾਪਦਾ ਹੈ ਅਤੇ ਪੱਛਮ ਦੇ ਲੋਕਤਾਂਤਰਿਕ ਦੇਸ਼ਾਂ ਲਈ ਵੀ , ਜਿਥੇ ਸੱਤਾ ਉੱਤੇ ਪੈਸੇ ਦਾ ਬੋਲਬਾਲਾ ਹੈ ਅਤੇ ਵਿਧਾਨਿਕ ਕੰਟਰੋਲ ਕਾਰਜਕਾਰਣੀ ਉੱਤੇ ਇਕ ਸ਼ਕਤੀਸ਼ਾਲੀ ਧੁਰਾ ਬਣਿਆ ਹੋਇਆ ਹੈ। ਭਾਰਤ ਵਿੱਚ ਵਿਧਾਨਿਕ ਵਿੱਤੀ ਕੰਟਰੋਲ ਦੀ ਉਤਪੱਤੀ ਬਿਲਕੁਲ ਅੰਗਰੇਜ਼ਾ ਦੇ ਖਿਲਾਫ ਆਜ਼ਾਦੀ ਦੀ ਲੜਾਈ ਨਾਲ ਜੁੜ ਗਈ ਸੀ। ਨਤੀਜੇ ਵਜੋਂ ਵਿਧਾਨਿਕ ਵਿੱਤੀ ਕੰਟਰੋਲ ਨੇ ਆਜ਼ਾਦੀ ਤੋਂ ਪਹਿਲਾਂ ਕੋਈ ਤਰੱਕੀ ਨਹੀਂ ਕੀਤੀ ਸੀ।

ਇੰਗਲੈਂਡ ਵਿੱਚ ਸੰਸਦੀ ਵਿੱਤੀ ਕੰਟਰੋਲ ਦੇ ਪਿੱਛੇ ਜਿਹੜਾ ਕੇਂਦਰੀ ਸਿਧਾਂਤ ਕੰਮ ਕਰ ਰਿਹਾ ਸੀ, "ਤਾਜ ਨੂੰ ਧੰਨ ਦੀ ਲੋੜ ਹੁੰਦੀ ਹੈ, ਆਮ ਲੋਕਾਂ ਨੂੰ ਗਰਾਂਟ ਦੀ ਅਤੇ ਲਾਰਡ ਇਸ ਗਰਾਂਟ ਨੂੰ ਪ੍ਰਵਾਨਗੀ ਦੇਂਦੇ ਹਨ।" ਲੇ ਕਿਨ ਭਾਰਤ ਵਿੱਚ ਅੰਗਰੇਜ਼ੀ ਰਾਜ ਦੇ ਸਮੇਂ (1858-1947 ਈ: ਤੱਕ) ਭਾਰਤੀ ਲੋਕਾਂ ਅਤੇ ਉਨ੍ਹਾਂ ਦੇ ਨੁੰਮਾਇੰਦਿਆਂ ਉੱਤੇ ਬਿਨਾਂ ਪੁੱਛੇ ਕਰ ਲਗਾਏ ਜਾਂਦੇ ਸਨ। 1921-47 ਦੌਰਾਨ ਵਿਧਾਨ ਮੰਡਲ ਨੇ ਕਈ ਗਰਾਂਟਾਂ ਪਾਸ ਕੀਤੀਆਂ, ਵਿਧਾਨਿਕ ਕਮੇਟੀਆਂ ਹਿਸਾਬ ਅਤੇ ਲੇਖਾ-ਜੋਖਾ ਵੀ ਦੇਖਦੀਆਂ ਸਨ, ਲੇਕਿਨ ਗਵਰਨਰ ਜਨਰਲ ਕਿਸੇ ਵੀ ਖਰਚੇ ਨੂੰ ਘਟਾ ਸਕਦਾ ਸੀ ਜਾਂ ਵਿਧਾਨ ਮੰਡਲ ਦੁਆਰਾ ਗੈਰ-ਪ੍ਰਵਾਨ ਹੋਏ ਨੂੰ ਪ੍ਰਵਾਨ ਕਰ ਸਕਦਾ ਸੀ, ਜੇ ਉਹ ਚਾਹੁੰਦਾ ਸੀ ਕਿ ਰਕਮ ਬੜੀ ਅਵੱਸ਼ਕ ਸੀ। ਰਾਜ ਦਾ ਸਕੱਤਰ ਜੋ ਬ੍ਰਿਟਿਸ਼ ਕੈਬਨਿਟ ਦਾ ਇਕ ਮੈਂਬਰ ਹੁੰਦਾ ਸੀ; ਉਸ ਕੋਲ ਭਾਰਤੀ ਮਾਮਲਿਆਂ ਨੂੰ ਨਜਿੱਠਣ ਲਈ ਅੰਤਿਮ ਅਥਾਰਟੀ ਹੁੰਦੀ ਸੀ।

ਬਜਟ ਦੀ ਵਿਧਾਨਕ ਪ੍ਰਵਾਨਗੀ

ਭਾਰਤ ਦਾ ਸੰਵਿਧਾਨ ਇਹ ਪ੍ਰਬੰਧ ਕਰਦਾ ਹੈ ਕਿ :

"ਰਾਸ਼ਟਰਪਤੀ, ਹਰੇਕ ਵਿੱਤੀ-ਸਾਲ, ਸੰਸਦ ਦੇ ਦੋਵਾਂ ਸਦਨਾਂ ਦੇ ਸਾਹਮਣੇ ਇਕ ਬਜਟ ਪੇਸ਼ ਕਰਦਾ ਹੈ ਜਿਸ ਵਿੱਚ ਉਸ ਸਾਲ ਦੇ ਭਾਰਤ ਸਰਕਾਰ ਦੇ ਖਰਚੇ ਦਾ ਅਨੁਮਾਨ ਪੇਸ਼ ਕੀਤਾ ਜਾਂਦਾ ਹੈ।"

ਬੱਜਟ ਨਿਮਨ ਅਨੁਸਾਰ ਸਟੇਜਾਂ ਵਿੱਚੋਂ ਲੰਘ ਕੇ ਸੰਸਦ ਦੁਆਰਾ ਜਾਂ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤਾ ਜਾਂਦਾ ਹੈ :

1. ਵਿਧਾਨ ਮੰਡਲ ਕੋਲ ਪੇਸ਼ ਕਰਨਾ
2. ਆਮ ਖਰਚਾ
3. ਗਰਾਂਟਾਂ ਲਈ ਚਰਚਾ ਅਤੇ ਵੋਟਾਂ ਦੀ ਮੰਗ
4. ਐਪਰੋਪਰੀਏਸ਼ਨ ਬਿੱਲ ਨੂੰ ਵਿਚਾਰਨਾ ਅਤੇ ਪਾਸ ਕਰਨਾ ਅਤੇ
5. ਵਿੱਤੀ ਬਿੱਲ ਨੂੰ ਵਿਚਾਰਨਾ ਅਤੇ ਪਾਸ ਕਰਨਾ।

ਕੇਂਦਰੀ ਸਰਕਾਰ ਵਿੱਚ ਵਿੱਤੀ ਅਨੁਮਾਨ ਸੰਬੰਧੀ ਚਰਚਾ ਲਗਭਗ ਦੋ ਮਹੀਨਿਆਂ ਤੱਕ ਹੁੰਦੀ ਰਹਿੰਦੀ ਹੈ। ਬੱਜਟ ਸੈਸ਼ਨ ਦੌਰਾਨ ਵਿਧਾਨ ਮੰਡਲ ਮੋਕਾ ਲੈ ਕੇ ਸਰਕਾਰ ਦੀ ਵਿੱਤ ਨੀਤੀ ਬਾਰੇ ਚਰਚਾ ਕਰਦਾ ਹੈ ਫੇਰ ਵਿੱਤੀ ਅਨੁਮਾਨ ਨੂੰ ਪ੍ਰਵਾਨ ਕਰਦਾ ਹੈ।

ਵਿਧਾਨਿਕ ਕੰਟਰੋਲ ਦਾ ਪਹਿਲਾ ਪੱਖ ਖਰਚੇ ਲਈ ਸੁਝਾਅ ਦੇਣੇ ਅਤੇ ਕਰਾਂ ਦੇ ਪ੍ਰਬੰਧ ਕਰਨ ਬਾਰੇ ਪ੍ਰਵਾਨਗੀ ਦੇਣਾ ਹੁੰਦਾ ਹੈ।ਵਿਧਾਨ ਮੰਡਲ ਨੇ ਇਹ ਵੀ ਦੇਖਣਾ ਹੁੰਦਾ ਹੈ ਕਿ ਜਿਸ ਮੰਤਵ ਲਈ ਪੈਸਾ ਪਾਸ ਰਖਿਆ ਹੋਇਆ ਹੋਵੇ, ਉਸੇ ਉੱਤੇ ਖਰਚ ਕੀਤਾ ਜਾਵੇ। ਉਹ ਇਹ ਵੀ ਚਾਹੁੰਦਾ ਹੈ ਕਿ ਕਿਫਾਇਤ ਨਾਲ ਅਤੇ ਸੁਯੋਗ ਢੰਗ ਨਾਲ ਵਰਤੋਂ ਹੋਵੇ। ਵਿਧਾਨ ਮੰਡਲ ਦੀ ਸਹਾਇਤਾ ਕੰਟਰੋਲਰ ਅਤੇ ਆਡਿੱਟਰ ਜਨਰਲ ਕਰਦਾ ਹੈ। ਅਡਿਟਰ ਤੋਂ ਇਹ ਵੀ ਆਸ ਕੀਤੀ ਜਾਂਦੀ ਹੈ ਕਿ ਉਹ ਲੈਣ-ਦੇਣ ਅਤੇ ਏਜੰਸੀਆਂ ਦੇ ਕੰਮ-ਕਾਰ ਦੀ ਛਾਣਬੀਣ ਕਰੇ। ਆਡਿਟ ਇਸ ਆਧਾਰ ਤੇ ਹੁੰਦਾ ਹੈ ਕਿ ਅਸਲ ਵਿੱਚ ਕੁਲ ਕਿੰਨਾ ਪੈਸਾ ਖਰਚ ਕੀਤਾ ਗਿਆ ਅਤੇ ਕਿੰਨਾ ਮਾਲੀਆ ਇਕੱਠਾ ਹੋਇਆ। ਇਸ

ਤੋਂ ਪਹਿਲਾਂ ਆਡਿਟ ਅਤੇ ਲੇਖਾ-ਜੋਖਾ ਇਕੋ ਏਜੰਸੀ ਵਿੱਚ ਇਕੱਠੇ ਕੀਤੇ ਜਾਂਦੇ ਸਨ।ਜਦੋਂ ਬਜਟ ਲਾਗੂ ਹੋ ਜਾਂਦਾ ਹੈ, ਆਡਿਟਰ ਦੀ ਰਿਪੋਰਟ ਵਿਧਾਨਿਕ ਕੰਟਰੋਲ ਦਾ ਆਧਾਰ ਬਣਦੀ ਹੈ।

ਭਾਰਤ ਵਿੱਚ ਸੰਸਦੀ ਪ੍ਰਣਾਲੀ ਸਥਾਪਿਤ ਹੈ। ਅਜਿਹੀ ਪ੍ਰਣਾਲੀ ਅਧੀਨ ਕਾਰਜਕਾਰੀ ਅਰਥਾਤ ਮੰਤਰੀ ਪ੍ਰੀਸ਼ਦ ਅਤੇ ਵਿਧਾਨ ਮੰਡਲ ਦਾ ਡੂੰਘਾ ਸੰਬੰਧ ਹੈ। ਮੰਤਰੀ ਸੰਸਦ ਦੇ ਮੈਂਬਰ ਵੀ ਹੁੰਦੇ ਹਨ। ਸੰਸਦ ਵਿੱਚ ਵੱਖ-ਵੱਖ ਲੋੜੀਂਦੇ ਬਿਲ ਪੇਸ਼ ਕਰਨਾ ਇਹਨਾਂ ਦਾ ਕਰਤੱਵ ਹੁੰਦਾ ਹੈ। ਇਸ ਵਿੱਚ ਕੋਈ ਵੀ ਸ਼ੱਕ ਨਹੀਂ ਕਿ ਗੈਰ-ਸਰਕਾਰੀ ਪਾਰਟੀ ਦੇ ਮੈਂਬਰਾਂ ਨੂੰ ਬਿੱਲ ਪੇਸ਼ ਕਰਨ ਦਾ ਅਧਿਕਾਰ ਹੁੰਦਾ ਹੈ, ਪਰ ਉਹਨਾਂ ਦੁਆਰਾ ਪੇਸ਼ ਕੀਤੇ ਗਏ ਬਿਲਾਂ ਤੇ ਸੰਸਦ ਦੁਆਰਾ ਪਾਸ ਕੀਤੇ ਜਾਣ ਦਾ ਸਵਾਲ ਘੱਟ ਹੀ ਪੈਦਾ ਹੁੰਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਮੰਤਰੀ ਪ੍ਰੀਸ਼ਦ ਦੇ ਮੈਂਬਰਾਂ ਦੁਆਰਾ ਬਿੱਲ ਪੇਸ਼ ਕੀਤੇ ਜਾਂਦੇ ਹਨ। ਇਸ ਲਈ ਭਾਰਤ ਵਿੱਚ ਸੰਸਦੀ ਕੰਟਰੋਲ ਕਈ ਢੰਗਾਂ ਨਾਲ ਕੀਤਾ ਜਾਂਦਾ ਹੈ, ਜਿਵੇਂ ਕਿ ਵਿਧਾਨਿਕ ਨਿਯੰਤਰਣ ਅਤੇ ਅਦਾਲਤੀ ਨਿਯੰਤਰਣ ਮੁੱਖ ਤੌਰ ਤੇ ਹਨ।

ਪੁਲਿਸ ਰਾਜ ਵਿੱਚ ਰਾਜ ਦੇ ਕੰਮ ਦੇਸ਼ ਨੂੰ ਬਾਹਰਲੇ ਹਮਲੇ ਤੋਂ ਬਚਾਉਣਾ ਅਤੇ ਦੇਸ਼ ਅੰਦਰ ਅਮਨ-ਚੈਨ ਕਾਇਮ ਕਰਨ ਤੱਕ ਸੀਮਤ ਸੀ। ਪ੍ਰੰਤੂ ਕਲਿਆਣ ਕਾਰੀ ਰਾਜ ਦੇ ਹੋਂਦ ਵਿੱਚ ਆਉਣ ਨਾਲ ਇਸਦੇ ਕੰਮਾਂ ਵਿੱਚ ਬਹੁਤ ਵਾਧਾ ਹੋਇਆ ਹੈ । ਇਸ ਦੇ ਕੰਮਾਂ ਵਿੱਚ ਵਾਧੇ ਦੇ ਕਾਰਨ ਲੋਕ ਪ੍ਰਸ਼ਾਸਨ ਦੇ ਖੇਤਰ ਵਿੱਚ ਬਹੁਤ ਵਾਧਾ ਹੋਇਆ ਹੈ ਇਹ ਤੱਥ ਲਗਭਗ ਦੁਨੀਆਂ ਦੇ ਹਰੇਕ ਦੇਸ਼ ਉੱਪਰ ਲਾਗੂ ਹੁੰਦਾ ਹੈ। ਭਾਰਤ ਵਿੱਚ ਸਮਾਜਵਾਦੀ ਢਾਂਚੇ ਦੀ ਸਥਾਪਤੀ ਦੇ ਉਦੇਸ਼ ਨੂੰ ਵਿਸ਼ੇਸ਼ ਤੌਰ ਤੇ ਸਾਹਮਣੇ ਰੱਖਣ ਕਾਰਨ, ਰਾਜ ਦੇ ਕਾਰਜਾਂ ਵਿੱਚ ਵਾਧਾ ਹੋ ਰਿਹਾ ਹੈ। ਲੋਕਤੰਤਰੀ ਸਮਾਜ ਵਿੱਚ ਪ੍ਰਸ਼ਾਸਨ ਨਾ ਕੇਵਲ ਲੋਕ-ਰਾਇ ਤੋਂ ਪ੍ਰਭਾਵਿਤ ਹੁੰਦਾ ਹੈ, ਸਗੋਂ ਇਸ ਪ੍ਰਤੀ ਉੱਤਰਦਾਈ ਵੀ ਹੁੰਦਾ ਹੈ।ਲੋਕ ਪ੍ਰਸ਼ਾਸਨ ਨੂੰ ਵਿਸ਼ੇਸ਼ ਨਿਯੰਤਰਣਾਂ ਅਧੀਨ ਚਲਣਾ ਪੈਂਦਾ ਹੈ।ਇਹ ਨਿਯੰਤਰਣ ਵਿਧਾਨਿਕ, ਕਾਰਜਕਾਰੀ ਅਤੇ ਅਦਾਲਤੀ ਹੁੰਦੇ ਹਨ। ਪ੍ਰਸ਼ਾਸਨ ਨੂੰ ਨਿਯੰਤਰਣ ਰਹਿਤ ਸੁਤੰਤਰਤਾ ਦੇਣ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਇਨ੍ਹਾਂ ਨਿਯੰਤਰਣਾਂ ਦਾ ਵਿਵਰਣ ਨਿਮਨ ਅਨੁਸਾਰ ਦਿੱਤਾ ਜਾ ਸਕਦਾ ਹੈ :

ਵਿਧਾਨਿਕ ਨਿਯੰਤਰਣ

ਫੈਲਿਕਸ ਏ ਨੀਗਰੋ (Felix A. Negro) ਅਨੁਸਾਰ ਪ੍ਰਸ਼ਾਸਨ ਦਾ ਭਾਵ ਹੈ, ਕਾਨੂੰਨ ਨੂੰ ਲਾਗੂ ਕਰਨ ਅਰਥਾਤ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਗਏ ਕਾਨੂੰਨਾਂ ਦੀ ਪਾਲਣਾ ਕਰਵਾਉਣਾ। ਲੋਕ ਪ੍ਰਸ਼ਾਸਨ ਵਿਸ਼ੇਸ਼ ਨੀਤੀ ਅਨੁਸਾਰ ਚਲਾਇਆ ਜਾਂਦਾ ਹੈ ਜਿਵੇਂ ਵਿਧਾਨ ਮੰਡਲ ਦੇ ਐਕਟ ਵਿੱਚ ਨਿਰਧਾਰਿਤ ਕੀਤਾ ਜਾਂਦਾ ਹੈ। ਸੰਸਦ ਹੀ ਦੇਸ਼ ਦੇ ਪ੍ਰਸ਼ਾਸਨ ਲਈ ਵਿੱਤ ਦਾ ਉਪਬੰਧ ਕਰਦੀ ਹੈ। ਭਾਰਤ ਵਿੱਚ ਸੰਸਦੀ ਸਰਕਾਰ ਪ੍ਰਣਾਲੀ ਸਥਾਪਿਤ ਹੈ। ਅਜਿਹੀ ਪ੍ਰਣਾਲੀ ਅਧੀਨ ਕਾਰਜਕਾਰੀ ਅਰਥਾਤ ਮੰਤਰੀ ਪ੍ਰੀਸ਼ਦ ਅਤੇ ਵਿਧਾਨ ਮੰਡਲ ਦਾ ਡੂੰਘਾ ਸੰਬੰਧ ਹੁੰਦਾ ਹੈ। ਮੰਤਰੀ ਸੰਸਦ ਦੇ ਮੈਂਬਰ ਵੀ ਹੁੰਦੇ ਹਨ। ਸੰਸਦ ਵਿੱਚ ਵੱਖ-ਵੱਖ ਲੋੜੀਂਦੇ ਬਿਲ ਪੇਸ਼ ਕਰਨਾ ਇਨ੍ਹਾਂ ਦਾ ਕਰਤਵ ਹੁੰਦਾ ਹੈ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੈਰ-ਸਰਕਾਰੀ ਪਾਰਟੀ ਦੇ ਮੈਂਬਰਾਂ ਨੂੰ ਵੀ ਬਿਲ ਪੇਸ਼ ਕਰਨ ਦਾ ਅਧਿਕਾਰ ਹੁੰਦਾ ਹੈ, ਪਰ ਉਹਨਾਂ ਦੁਆਰਾ ਪੇਸ਼ ਕੀਤੇ ਬਿਲਾਂ ਦੇ ਸੰਸਦ ਦੁਆਰਾ ਪਾਸ ਕੀਤੇ ਜਾਣ ਦਾ ਸਵਾਲ ਘੱਟ ਹੀ ਪੈਂਦਾ ਹੈ।ਨਤੀਜਾ ਇਹ ਹੁੰਦਾ ਹੈ ਕਿ ਮੰਤਰੀ ਪ੍ਰੀਸ਼ਦ ਦੇ ਮੈਂਬਰ ਦੁਆਰਾ ਬਿਲ ਪੇਸ਼ ਕੀਤੇ ਜਾਂਦੇ ਹਨ। ਭਾਰਤ ਵਿੱਚ ਸੰਸਦੀ ਕੰਟਰੋਲ ਕਈ ਢੰਗਾਂ ਨਾਲ ਕੀਤਾ ਜਾਂਦਾ ਹੈ, ਜੋ ਇਸ ਪ੍ਰਕਾਰ ਹੈ :

ਪ੍ਰਸ਼ਨ ਪੁਛਣਾ (Question)

ਸੰਸਦ ਮੈਂਬਰਾਂ ਦੁਅਰਾ ਮੰਤਰੀਆਂ ਤੋਂ ਪੁੱਛੇ ਜਾਣਾ ਮਹੱਤਵਪੂਰਨ ਕਿਸਮ ਦਾ ਵਿਧਾਨਿਕ ਨਿਯੰਤਰਣ ਹੈ। ਸੰਬੰਧਤ ਮੰਤਰੀ ਇਸ ਪ੍ਰਕਾਰ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ। ਜੇਕਰ ਪ੍ਰਸ਼ਨ ਪੁੱਛਣ ਵਾਲੇ ਮੈਂਬਰ ਦੀ ਸੰਤੁਸ਼ਟੀ ਨਾ ਹੋਵੇ ਤਾਂ ਅਨੁਪੂਰਕ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ । ਇਸ ਨਾ ਸਾਰਾ ਪ੍ਰਸ਼ਾਸਨ ਅਮਲਾ ਚੌਕਸ ਰਹਿੰਦਾ ਹੈ। ਕਈ ਵਾਰੀ ਪ੍ਰਸ਼ਨ ਸਰਕਾਰ ਨੂੰ ਇਤਨੀ ਜ਼ਿਆਦਾ ਘਬਰਾਹਟ ਵਿੱਚ ਪਾ ਦਿੰਦੇ ਹਨ ਕਿ ਇਹ ਤੁਰੰਤ ਕਾਰਵਾਈ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ।ਇੰਗਲੈਂਡ ਅਤੇ ਭਾਰਤ ਵਿੱਚ ਪ੍ਰਸ਼ਨਕਾਲ ਨੂੰ ਇਤਨੀ ਮਹੱਤਤਾ ਦਿੱਤੀ ਗਈ ਹੈ ਕਿ ਸੰਸਦ ਦੇ ਆਰੰਭ ਵਿੱਚ ਪ੍ਰਸ਼ਨਾਂ ਦੇ ਘੰਟਾ ਨਿਸ਼ਚਿਤ ਕੀਤਾ ਗਿਆ ਹੈ।

ਰਾਸ਼ਟਰਪਤੀ ਦਾ ਭਾਸ਼ਣ (Presidential Address)

ਹਰ ਨਵੇਂ ਸੈਸ਼ਨ ਵਿੱਚ ਰਾਸ਼ਟਰਪਤੀ ਦਾ ਭਾਸ਼ਣ ਵੀ ਸੰਸਦੀ ਨਿਯੰਤਰਣ ਦਾ ਇਕ ਮਹੱਤਵਪੂਰਣ ਸਾਧਨ ਹੈ। ਸੰਸਦ ਦੇ ਮੈਂਬਰ ਨੂੰ ਇਸ ਤੇ ਬਹਿਸ ਕਰਕੇ ਸਰਕਾਰ ਦੀ ਅਲੋਚਨਾ ਦਾ ਮੌਕਾ ਮਿਲ ਜਾਂਦਾ ਹੈ। ਆਲੋਚਨਾ

ਦਾ ਮੰਤਵ ਜਨਮਤ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ।

ਅਵਿਸ਼ਵਾਸ ਦਾ ਮਤਾ (No Confidence Motion)

ਸਰਕਾਰੀ ਪ੍ਰਸ਼ਾਸਨ ਉਪਰ ਸੰਸਦੀ ਨਿਯੰਤਰਣ ਦਾ ਇਕ ਵੱਡਾ ਸਾਧਨ ਅਵਿਸ਼ਵਾਸ ਦਾ ਮਤਾ ਹੈ। ਜਿਸ ਦੇਸ਼ ਵਿੱਚ ਸੰਸਦੀ ਕਿਸਮ ਦੀ ਸਰਕਾਰ ਹੋਵੇ, ਹੇਠਲੇ ਸਦਨ ਦੇ ਮੈਂਬਰਾਂ ਨੂੰ ਮੰਤਰੀ ਪ੍ਰੀਸ਼ਦ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰਨ ਦਾ ਅਧਿਕਾਰ ਹੁੰਦਾ ਹੈ।ਇਸ ਮੌਕੇ ਤੇ ਸਰਕਾਰ ਦੀ ਸਮੁੱਚੀ ਨੀਤੀ ਦੀ ਆਲੋਚਨਾ ਕੀਤੀ ਜਾਂਦੀ ਹੈ। ਅਵਿਸ਼ਵਾਸ ਦਾ ਮਤਾ ਪਾਸ ਹੋਣ ਦਾ ਅਰਥ ਇਹ ਹੈ ਕਿ ਮੰਤਰੀ ਪ੍ਰੀਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਖਤਰੇ ਦੀ ਇਹ ਤਲਵਾਰ ਹਮੇਸ਼ਾਂ ਉਹਨਾਂ ਦੇ ਸਿਰ ਉਪਰ ਲਟਕਦੀ ਰਹਿੰਦੀ ਹੈ।

ਬਜਟ ਉਪਰ ਬਹਿਸ (Debate on Budget)

ਬਜਟ ਉਪਰ ਬਹਿਸ ਵੀ ਲਕ ਪ੍ਰਸ਼ਾਸਨ ਉਪਰ ਵਿਧਾਨਿਕ ਨਿਯੰਤਰਣ ਵਿੱਚ ਸਹਾਇਤਾ ਕਰਦੀ ਹੈ। ਬੱਜਟ ਦੇ ਪੇਸ਼ ਕੀਤੇ ਜਾਣ ਉਪਰੰਤ, ਇਸ ਉਪਰ ਆਮ ਬਹਿਸ ਹੁੰਦੀ ਹੈ, ਜਿਸ ਰਾਹੀਂ ਸਮੁੱਚੇ ਪ੍ਰਸ਼ਾਸਨ ਉਪਰ ਨੁਕਤਾ ਚੀਨੀ ਕੀਤੀ ਜਾ ਸਕਦੀ ਹੈ।

ਕੰਮ ਰੋਕੂ ਪ੍ਰਸਤਾਵ (Adjournment Motion)

ਲੋਕੂ ਪ੍ਰਸ਼ਾਸਨ ਉਪਰ ਨਿਯੰਤਰਣ ਰੱਖਣ ਦੀ ਇਕ ਹੋਰ ਵਿਧੀ ਕੰਮ ਰੋਕੂ ਪ੍ਰਸਤਾਵ ਹੈ। ਕਿਸੇ ਪ੍ਰਕਾਰ ਦੇ ਜ਼ਰੂਰੀ ਮਾਮਲੇ ਉਪਰ ਕੰਮ ਰੋਕੂ ਪ੍ਰਸਤਾਵ ਪੇਸ਼ ਕੀਤਾ ਜਾ ਸਕਦਾ ਹੈ। ਜੇਕਰ ਇਹ ਪ੍ਰਸਤਾਵ ਪਾਸ ਹੋ ਜਾਵੇ, ਵਿਸ਼ੇਸ਼ ਮਾਮਲੇ ਉਪਰ ਬਹਿਸ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਸਮੁੱਚੇ ਮੰਤਰੀ ਪ੍ਰੀਸ਼ਦ ਜਾਂ ਕਿਸੇ ਮੰਤਰੀ ਵਿਰੁੱਧ ਨਿਖੇਧੀ ਦਾ ਮਤਾ ਇਸ ਪੱਖ ਤੋਂ ਪਾਸ ਕੀਤਾ ਜਾ ਸਕਦਾ ਹੈ ਕਿ ਇਹ ਕਿਸੇ ਨੀਤੀ ਨੂੰ ਸਿਰੇ ਚੜ੍ਹਾਉਣ ਵਿੱਚ ਅਸਫਲ ਰਿਹਾ ਹੈ। ਇਸ ਦੁਆਰਾ ਸਦਨ ਆਪਣਾ ਗੁੱਸਾ ਪ੍ਰਗਟ ਕਰਦਾ ਹੈ ਜਾਂ ਖੇਦ ਪ੍ਰਗਟ ਕਰਦਾ ਹੈ।

ਧਿਆਨ ਦਿਵਾਉ ਮਤਾ (Attention Resolution)

ਕਿਸੇ ਜ਼ਰੂਰੀ ਮਾਮਲੇ ਵੱਲ ਮੰਤਰੀ ਦਾ ਧਿਆਨ ਦਿਵਾਉਣ ਲਈ ਬਿਆਨ ਦਿਵਾਊ ਮੱਤਾ ਵੀ ਪਾਸ ਕੀਤਾ ਜਾ ਸਕਦਾ ਹੈ ਅਤੇ ਸੰਬੰਧਤ ਮੰਤਰੀ ਨੂੰ ਉਸ ਉਪਰ ਸੰਸਦੀ ਬਿਆਨ ਦੇਣ ਲਈ ਬੇਨਤੀ ਕੀਤੀ ਜਾਦੀ ਹੈ।

ਕਾਨੂੰਨ ਪਾਸ ਕਰਨਾ (passing of Various Laws)

ਜਦੋਂ ਕਾਨੂੰਨ ਪਾਸ ਹੁੰਦੇ ਹਨ, ਹਰੇਕ ਬਿਲ ਨੂੰ ਤਿੰਨ ਪੜ੍ਹਤਾਂ ਵਿਚੋਂ ਲੰਘਣਾ ਪੈਂਦਾ ਹੈ ਇਹ ਤਿੰਨ ਪੜ੍ਹਤਾਂ ਬਿਲਾਂ ਵਿੱਚ ਸ਼ਾਮਲ ਗੱਲਾਂ ਤੇ ਵਿਚਾਰ ਕਰਨ ਦਾ ਮੌਕਾ ਪ੍ਰਦਾਨ ਕਰਦੀਆਂ ਹਨ।

ਵਿਭਿੰਨ ਸੰਸਦ ਕਮੇਟੀਆਂ (Various Parliamentary Committees)

ਸਤਾਰਾਂ ਡਿਪਾਰਟਮੈਂਟ ਸੰਬੰਧੀ ਸਟੈਂਡਿੰਗ ਕਮੇਟੀਆਂ 8 ਅਪਰੈਲ, 1993 ਨੂੰ ਬਣਾਈਆਂ ਗਈਆਂ, ਜਿਨ੍ਹਾਂ ਦੇ ਕਾਰਜ ਹੇਠ ਲਿਖੇ ਅਨੁਸਾਰ ਹਨ :

(1) ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲੇ/ ਵਿਭਾਗਾਂ ਸੰਬੰਧੀ ਡਿਮਾਂਡ ਫਾਰ ਗਰਾਂਟਸ ਨੂੰ ਵਿਚਾਰਨ ਅਤੇ ਸਦਨਾਂ ਨੂੰ ਰਿਪੋਰਟ ਭੇਜਣੀ।

(2) ਰਾਜ ਸਭਾ ਦੇ ਚੇਅਰਮੈਨ ਜਾਂ ਲੋਕ ਸਭਾ ਦੇ ਸਪੀਕਰ ਵੱਲੋਂ ਭੇਜੇ ਗਏ ਬਿਲਾਂ ਦੀ ਜਾਂਚ ਪੜਤਾਲ ਕਰਨਾ ਅਤੇ ਰਿਪੋਰਟ ਤਿਆਰ ਕਰਨੀ।

(3) ਮੰਤਰਾਲੇ/ ਵਿਭਾਗਾਂ ਦੀਆਂ ਸਲਾਨਾ ਰਿਪੋਰਟਾਂ ਨੂੰ ਵਿਚਾਰਨਾ ਅਤੇ ਰਿਪੋਰਟ ਤਿਆਰ ਕਰਨੀ।

(4) ਜੇਕਰ ਰਾਜ ਸਭਾ ਦਾ ਚੇਅਰਮੈਨ ਜਾਂ ਲੋਕ ਸਭਾ ਦਾ ਸਪੀਕਰ ਤਜ਼ਵੀਜ਼ ਕਰੇ ਤਾਂ ਇਹ ਕਮੇਟੀ ਨੀਤੀ ਸੰਬੰਧੀ ਦਸਤਾਵੇਜ਼ਾਂ ਨੂੰ ਵੀ ਵਿਚਾਰ ਸਕਦੀ ਹੈ।

ਵੱਖ-ਵੱਖ ਸੰਸਦੀ ਕਮੇਟੀਆਂ ਵੀ ਲੋਕ-ਪ੍ਰਸ਼ਾਸਨ ਦੇ ਵਿੱਤ ਉੱਪਰ ਵਿਧਾਨਿਕ ਨਿਯੰਤਰਣ ਦੇ ਸਾਧਨਾਂ ਦਾ ਕੰਮ ਦਿੰਦੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀ ਜਨਤਕ ਲੇਖਾ ਕਮੇਟੀ (Public Accounts Committee) ਹੁੰਦੀ ਹੈ।ਦੂਜੀ ਐਸਟੀਮੇਟਸ ਕਮੇਟੀ ਅਤੇ ਇਕ ਹੋਰ ਕਮੇਟੀ-ਕਮੇਟੀ ਆਨ ਪਬਲਿਕ ਅੰਡਰਟੇਕਿੰਗਜ਼ ਹੈ।

ਜੇਕਰ ਸਾਰਾ ਸਦਨ ਹੀ ਆਡਿੱਟ ਰਿਪੋਰਟ ਪਰਖਣ ਲੱਗੇ ਜ਼ਾਂ ਖਰਚੇ ਦੀਆਂ ਪ੍ਰਬੰਧਕੀ ਮੁਸ਼ਕਲਾਂ ਵਾਚਣ ਲੱਗ ਪਵੇ ਤਾਂ ਇਸ ਤਰ੍ਹਾਂ ਕਰਨ ਨਾਲ ਸਦਨ ਦੇ ਕੰਮ ਵਿੱਚ ਕਾਫੀ ਰੁਕਾਵਟ ਆਵੇਗੀ।ਇਸ ਕਰਕੇ ਸਾਰੀਆਂ ਸੰਸਦੀ

ਸਰਕਾਰਾਂ ਦਾ ਇਹ ਤਜ਼ਰਬਾ ਹੈ ਕਿ ਸਦਨ ਵਿਸ਼ੇਸ਼ ਕਮੇਟੀਆਂ ਸਥਾਪਤ ਕਰੇ ਜੋ ਕਿ ਅਨੁਮਾਨਤ ਖਰਚੇ ਦੀਆਂ ਰਿਪੋਰਟਾਂ ਦੀ ਜਾਂਚ ਕਰੇ। ਆਜ਼ਾਦੀ ਤੋਂ 1964 ਤੱਕ ਸੰਸਦ ਦੀਆਂ ਕੇਵਲ ਦੋ ਵੱਡੀਆ ਵਿੱਤੀ ਕਮੇਟੀਆਂ ਸਨ, ਜਿਵੇ ਂ ਕਿ ਐਸਟੀਮੇਟਸ ਕਮੇਟੀ ਅਤੇ ਪਬਲਿਕ ਅਕਾਊਂਟਸ ਕਮੇਟੀ।ਲੇਕਿਨ 1964 ਵਿੱਚ ਇਕ ਵੱਖਰੀ ਕਮੇਟੀ ਸਥਾਪਿਤ ਕੀਤੀ ਗਈ—ਪਬਲਿਕ ਅੰਡਰਟੇਕਿੰਗ ਕਮੇਟੀ। ਇਸ ਦਾ ਕੰਮ ਪਬਲਿਕ ਸੈਕਟਰ ਦੇ ਵਪਾਰਿਕ ਕੰਮ-ਧੰਦਿਆਂ ਦੇ ਲੇਖੇ ਦਾ ਅਨੁਮਾਨ ਲਗਾਉਣਾ ਅਤੇ ਉਸਦੀ ਪੜਤਾਲ ਕਰਨੀ ਹੈ। ਰਾਜ ਵਿਧਾਨ-ਮੰਡਲਾਂ ਵਿਚ ਅਜਿਹੀਆਂ ਕਮੇਟੀਆਂ ਸਥਾਪਿਤ ਹਨ, ਭਾਵੇਂ ਸਾਰਿਆਂ ਕੋਲ ਵੱਖਰੀ ਪਬਲਿਕ-ਅੰਡਰਟੇਕਿੰਗ ਕਮੇਟੀ ਨਹੀਂ ਹੈ।

1. ਐਸਟੀਮੇਟਸ ਕਮੇਟੀ

ਐਸਟੀਮੇਟਸ ਕਮੇਟੀ 1950 ਵਿੱਚ ਹੋਂਦ ਵਿੱਚ ਆਈ। ਇਸ ਦੀ ਜਗ੍ਹਾਂ ਪਹਿਲਾਂ ਸਟੈਡਿੰਗ ਵਿੱਤ ਕਮੇਟੀ ਹੋਇਆ ਕਰਦੀ ਸੀ, ਜੋ 1921 ਵਿੱਚ ਬਣੀ ਸੀ। ਇਹ ਕਮੇਟੀ ਕਾਰਜਕਾਰਣੀ ਦੀ ਮਰਜ਼ੀ ਤੇ ਨਿਰਭਰ ਕਰਦੀ ਸੀ।

ਬਣਤਰ

ਐਸਟੀਮੇਟਸ ਕਮੇਟੀ 1950 ਤੋਂ ਸਥਾਪਿਤ ਹੈ ਅਤੇ ਇਸਦੇ 25 ਮੈਂਬਰ ਸਨ। 1956 ਤੋਂ ਇਸ ਦੀ ਮੈਂਬਰਸ਼ਿਪ ਵਧਾ ਕੇ 30 ਕਰ ਦਿੱਤੀ ਗਈ ਹੈ।ਇਹ ਵਿਸ਼ੇਸ਼ ਕਮੇਟੀ ਲੋਕ ਸਭਾ ਦੇ ਮੈਂਬਰਾਂ ਵਿਚੋਂ ਹੀ ਚੁਣੀ ਜਾਂਦੀ ਹੈ। ਇਸ ਦੇ ਦੋ-ਤਿਹਾਈ ਮੈਂਬਰ ਇਕ ਸਾਲ ਲਈ ਮੁੜ ਚੁਣੇ ਜਾਂਦੇ ਹਨ। ਮੈਂਬਰ ਦੀ ਦਫਤਰੀ ਮਿਆਦ ਇਕ ਸਾਲ ਹੈ। ਕਮੇਟੀ ਦਾ ਚੇਅਰਮੈਨ ਸਪੀਕਰ ਦੁਆਰਾ ਮਨੋਨੀਤ ਕੀਤਾ ਜਾਂਦਾ ਹੈ, ਜੋ ਕਿ ਕਮੇਟੀ ਦੇ ਮੈਂਬਰਾਂ ਵਿੱਚੋਂ ਹੀ ਲਿਆ ਜਾਂਦਾ ਹੈ। ਜੇ ਡਿਪਟੀ ਸਪੀਕਰ ਇਸ ਕਮੇਟੀ ਦਾ ਮੈਂਬਰ ਹੋਵੇ ਤਾਂ ਉਸਨੂੰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਜਾਂਦ ਹੈ।ਨਹੀਂ ਤੇ ਰਾਜ ਕਰ ਰਹੀ ਪਾਰਟੀ ਦਾ ਇਕ ਸੀਨੀਅਰ ਮੈਂਬਰ ਮਨੋਨੀਤ ਕਰ ਲਿਆ ਜਾਂਦਾ ਹੈ।

ਕੰਮ

ਕਮੇਟੀ ਉਹਨਾਂ ਐਸਟੀਮੇਟਾਂ ਦਾ ਮੁਆਇਨ ਕਰਦੀ ਹੈ, ਜਿਨ੍ਹਾਂ ਨੂੰ ਠੀਕ ਸਮਝਦੀ ਹੈ ਜਾਂ ਜਿਹੜੇ ਲੋਕ ਸਭਾ ਨੂੰ ਜਾਂ ਸਪੀਕਰ ਨੂੰ ਵਿਸ਼ੇਸ਼ ਤੌਰ ਤੇ ਰੈਫਰ ਕੀਤੇ ਜਾਂਦੇ ਹਨ।

1. ਸੰਸਥਾ ਦੇ ਅਰਥਚਾਰੇ ਅਤੇ ਸੁਧਾਰਾਂ ਬਾਰੇ ਰਿਪੋਰਟ, ਉਸਦੀ ਕੁਸ਼ਲਤਾ ਜਾਂ ਪ੍ਰਸ਼ਾਸਨਿਕ ਸੁਧਾਰਾਂ ਬਾਰੇ ਰਿਪੋਰਟ।
2. ਕਮੇਟੀ ਸੁਝਾਅ ਦੇਂਦੀ ਹੈ ਕਿ ਪ੍ਰਸ਼ਾਸਨ ਵਿੱਚ ਤੇਜ਼ੀ ਅਤੇ ਆਰਥਿਕ ਲਾਭ ਵਿੱਚ ਵਾਧਾ ਕਿਸ ਪ੍ਰਕਾਰ ਆ ਸਕਦਾ ਹੈ ਅਤੇ ਨੀਤੀਆਂ ਬਾਰੇ ਵੀ ਸੁਝਾਅ ਦੇਂਦੀ ਹੈ।
3. ਇਸ ਗੱਲ ਦੀ ਜਾਂਚ ਕਰਦੀ ਹੈ ਕਿ ਨੀਤੀ ਅਨੁਸਾਰ ਹੀ ਧੰਨ ਨੂੰ ਖਰਚਿਆ ਗਿਆ ਹੈ ਜਾਂ ਨਹੀਂ।
4. ਇਹ ਸੁਝਾਅ ਦਿੰਦੀ ਹੈ ਕਿ ਸੰਸਦ ਵਿੱਚ ਐਸਟੀਮੇਟ ਨੂੰ ਕਿਸ ਢੰਗ ਨਾਲ ਪੇਸ਼ ਕੀਤਾ ਜਾਵੇ।

ਜਦੋਂ ਐਸਟੀਮੇਟ ਕਮੇਟੀ ਸਰਕਾਰ ਦੀਆਂ ਨੀਤੀਆ ਦਾ ਮੁਆਇਨ ਕਰ ਰਹੀ ਹੋਵੇ, ਤਾਂ ਉਸਨੇ ਆਪਣੀ ਕੋਈ ਨੀਤੀ ਨਹੀਂ ਦੇਣੀ ਹੁੰਦੀ, ਉਸ ਨੇ ਇਹ ਦੇਖਣਾ ਹੁੰਦਾ ਹੈ ਕਿ ਸੰਸਦ ਦੁਆਰਾ ਬਣਾਈਆਂ ਨੀਤੀਆਂ ਦੀ ਪਾਲਣਾ ਹੋ ਰਹੀ ਹੈ ਜਾਂ ਨਹੀਂ? ਕਿਉਂਕਿ ਇਹ ਇਕ ਵਿੱਤ ਕਮੇਟੀ ਹੈ। ਇਸ ਲਈ ਵਿੱਤ ਸੰਬੰਧੀ ਸਾਰੇ ਮਾਮਲੇ ਇਸ ਨਾਲ ਸੰਬੰਧਿਤ ਹੁੰਦੇ ਹਨ, ਜਿਸ ਢੰਗ ਨਾਲ ਨੀਤੀਆਂ ਨੂੰ ਲਾਗੂ ਕੀਤਾ ਜਵੇਗਾ, ਉਸ ਦਾ ਅਸਰ ਖਰਚ ਉੱਤੇ ਜ਼ਰੂਰ ਪਵੇ ਗਾ। ਇਸਦਾ ਮੁੱਖ ਉਦੇਸ਼ ਪ੍ਰਸ਼ਾਸ਼ਨ ਵਿੱਚ ਤੇਜ਼ੀ ਅਤੇ ਬੱਚਤ ਕਰਨਾ ਹੁੰਦਾ ਹੈ। ਜੇ ਇਸ ਦੇ ਨੋਟਿਸ ਵਿੱਚ ਆਵੇ ਕਿ ਫਜ਼ੂਲ ਖਰਚੀ ਹੋ ਰਹੀ ਹੈ ਤਾਂ ਇਹ ਸਦਨ ਨੂੰ ਨੀਤੀ ਬਦਲਣ ਲਈ ਸੁਝਾਅ ਦੇ ਸਕਦੀ ਹੈ।

ਐਸਟੀਮੇਟ ਕਮੇਟੀ ਇਕ ਜਾਂ ਜ਼ਿਆਦਾ ਉਪ-ਕਮੇਟੀਆਂ ਬਣਾ ਸਕਦੀ ਹੈ, ਉਪ-ਕਮੇਟੀਆਂ ਦੀ ਰਿਪੋਰਟ ਨੂੰ ਸਮੁੱਚੀ ਕਮੇਟੀ ਦੀ ਰਿਪੋਰਟ ਹੀ ਸਮਝਿਆ ਜਾਂਦਾ ਹੈ।

ਕੰਮ ਦਾ ਢੰਗ

ਜਦੋਂ ਇਹ ਫੈਸਲਾ ਹੋ ਜਾਂਦਾ ਹੈ ਕਿ ਐਸਟੀਮੇਟਾ ਦੀ ਜਾਂਚ ਕਰਨੀ ਹੈ, ਤਾਂ ਕਮੇਟੀ ਉਸ ਜਾਂਚ ਵੇਲੇ ਖਰਚੇ ਸੰਬੰਧੀ ਲੋੜੀਦੇ ਕਾਗਜ਼ਾਤ ਇਕੱਤਰ ਕਰਦੀ ਹੈ। ਉਹ ਕਰਮਚਾਰੀਆਂ ਨਾਲ ਇੰਟਰਵਿਊ ਕਰਦੀ ਹੈ। ਉਹ ਮੰਤਰਾਲਿਆਂ/ ਵਿਭਾਗਾਂ ਨੂੰ ਸਵਾਲ ਪੁੱਛਦੀ ਹੈ, ਗਵਾਹਾਂ ਨੂੰ ਬਲਾਂਦੀ ਹੈ, ਉਚਿਤ ਰਿਕਾਰਡ ਅਤੇ ਫਾਇਲਾਂ ਆਦਿ ਮੰਗਵਾਉਂਦੀ ਹੈ।ਜੇ ਕਿਸੇ ਦੇ ਬਾਹਰ ਆਉਣ ਨਾਲ ਲੋਕ-ਹਿੱਤ ਨੂੰ ਨੁਕਸਾਨ ਪਹੁੰਚਦਾ ਹੋਵੇ, ਤਾਂ ਉਸ ਮਸਲੇ ਨੂੰ ਸਪੀਕਰ ਕੋਲ ਭੇਜ ਦਿੱਤਾ ਜਾਂਦਾ ਹੈ, ਕਿ ਉਸ ਕੋਲੋਂ ਅਗਵਾਈ ਲਈ ਜਾ ਸਕੇ।ਕਮੇਟੀ ਆਪਣੀ ਰਿਪੋਰਟ ਸਦਨ ਕੋਲ

ਪੇਸ਼ ਕਰਦੀ ਹੈ। ਸਪੀਕਰ ਕੋਲ ਅੰਤਿਮ ਰੂਪ ਵਿੱਚ ਭੇਜਣ ਤੋਂ ਪਹਿਲਾਂ ਉਸ ਨੂੰ ਡਰਾਫਟ ਰਿਪੋਰਟ ਵਿਖਾ ਲਈ ਜਾਂਦੀ ਹੈ।

ਐਸਟੀਮੇਟ ਕਮੇਟੀਆਂ ਦੀਆਂ ਸਿਫਾਰਿਸ਼ਾਂ ਇਨ੍ਹਾਂ ਗੱਲਾਂ ਨਾਲ ਸੰਬੰਧਿਤ ਹੁੰਦੀਆਂ ਹਨ :

1. ਸੰਸਥਾ ਵਿੱਚ ਸੁਧਾਰ ਅਤੇ ਵਿਭਾਗ ਦੇ ਕੰਮਕਾਰ ਵਿੱਚ ਸੁਧਾਰ ਲਿਆਉਣਾ
2. ਬੱਚਤ ਕਰਨੀ
3. ਆਮ ਪੱਖ ਜਾਂ ਪਹਿਲੂ

ਕਮੇਟੀ ਦੁਆਰਾ ਕੰਮ ਅਤੇ ਆਰਥਿਕ ਵਰਗੀਕਰਣ, ਪਰਫਾਰਮੈਂਸ ਬੱਜਟ ਦੀ ਭੂਮਿਕਾ ਆਦਿ ਕੁਝ ਸਿਫਾਰਿਸ਼ਾਂ ਹਨ।

2. ਪਬਲਿਕ ਅਕਾਊਂਟਸ ਕਮੇਟੀ

ਵੈਲੋਬੀ ਕਮਿਸ਼ਨ ਨੇ 1896 ਵਿੱਚ ਇਸ ਲੋੜ ਤੇ ਜ਼ੋਰ ਦਿੱਤਾ ਕਿ ਵਿੱਤੀ-ਬੇਨਿਯਮੀਆਂ ਨੂੰ ਦੂਰ ਕਰਨ ਲਈ ਇਕ ਅਕਾਊਂਟਸ ਕਮੇਟੀ ਹੋਣੀ ਚਾਹੀਦੀ ਹੈ। ਮੌਂਟੈਗੂ ਚੋਮਜ਼ਫੋਰਡ ਸੁਧਾਰਾਂ ਨੇ ਸਲਾਹ ਦਿੱਤੀ ਕਿ ਅਜਿਹੀਆਂ ਕਮੇਟੀਆਂ ਪ੍ਰਾਂਤਕ ਵਿਧਾਨ ਮੰਡਲ ਵਿੱਚੋਂ ਬਣਨੀਆਂ ਚਾਹੀਦੀਆਂ ਹਨ।ਪਬਲਿਕ ਅਕਾਊਂਟਸ ਦੀ ਪਹਿਲੀ ਕਮੇਟੀ ਕੇਂਦਰ ਵਿੱਚ ਬਣੀ ਇਸ ਦਾ ਕੰਮ ਗਵਰਨਰ ਜਨਰਲ ਦੇ ਉਚਿੱਤ ਲੇਖੇ-ਜੋਖੇ ਨੂੰ ਵੇਖਣਾ ਸੀ ਅਤੇ ਉਸ ਸੰਬੰਧੀ ਆਡਿਟਰ ਜਨਰਲ ਦੀ ਰਿਪੋਰਟ ਦੇਖਣੀ ਸੀ। ਪ੍ਰਾਂਤਕ ਪੱਧਰ ਤੇ ਵੀ ਪਬਲਿਕ ਅਕਾਊਂਟਸ ਕਮੇਟੀਆਂ ਦਾ ਕੰਮ ਜਾਂਚ ਕਰਨਾ ਸੀ ਕਿ ਧੰਨ ਦਾ ਉਪਯੋਗ ਉਸ ਕੰਮ ਅਤੇ ਮੰਤਵ ਲਈ ਹੋਇਅ ਹੈ ਜਾਂ ਨਹੀਂ, ਜਿਸ ਲਈ ਉਹ ਰੱਖਿਆ ਗਿਆ ਸੀ।

ਇਨ੍ਹਾਂ ਕਮੇਟੀਆਂ ਦੀ ਮੱਦਦ ਭਾਰਤ ਦਾ ਅਡਿਟਰ-ਜਨਰਲ ਕਰਦਾ ਸੀ, ਜਿਸ ਨੂੰ ਭਾਰਤ ਸਰਕਾਰ ਦੇ ਐਕਟ 1919 ਅਨੁਸਾਰ ਪੱਕੀ ਮਾਨਤਾ ਮਿਲੀ ਹੋਈ ਸੀ। ਅਡਿਟਰ-ਜਨਰਲ ਸਰਕਾਰੀ ਤੌਰ ਤੇ ਸੁਤੰਤਰ ਸੀ ਤਾਂ ਕਿ ਉਹ ਨਿਗਰਾਨੀ ਦੇ ਕੰਮ ਭਲੀ ਪ੍ਰਕਾਰ ਕਰ ਸਕੇ। ਉਹ ਪਬਲਿਕ ਅਕਾਊਂਟਸ ਕਮੇਟੀ ਦਾ ਇੰਟੈਲੀਜੈਂਸ ਅਫਸਰ ਵੀ ਸੀ।

ਅਸਲ ਵਿੱਚ ਆਡਿਟ ਦੇ ਉਦੇਸ਼ ਅਤੇ ਕੰਮ ਬੜੇ ਵਿਸ਼ਾਲ ਸਨ। ਆਡਿਟਰ ਜਨਰਲ ਦੇ ਦੋ ਮੁੱਖ ਕੰਮ ਸਨ, ਪਹਿਲਾ ਸਰਕਾਰੀ ਲੇਖੇ ਦਾ ਹਿਸਾਬ ਰੱਖਣਾ ਅਤੇ ਦੂਜਾ ਉਸ ਦਾ ਆਡਿਟ ਕਰਨਾ। ਲੇਖੇ ਬੜੇ ਪੇਚੀਦਾ ਕਿਸਮ ਦੇ ਸਨ। ਉਸ ਨੂੰ ਇਹ ਲੇਖੇ ਬੜੇ ਸਰਲ ਬਣਾਉਣੇ ਪਏ ਤਾਂ ਕਿ ਵਿਧਾਨ ਮੰਡਲ ਤੇ ਉਸ ਦੀਆਂ ਕਮੇਟੀਆਂ ਇਨ੍ਹਾਂ ਨੂੰ ਸਮਝ ਸਕਣ। ਉਸਦੀ ਸ਼ੁੱਧਤਾ, ਮੁਕੰਮਲਤਾ ਅਤੇ ਬੇਨਿਯਮੀਆਂ, ਗੈਰ-ਕਾਨੂੰਨੀ ਗੱਲਾਂ ਫਜ਼ੂਲ ਖਰਚੀ ਦੇ ਸੰਬੰਧ ਵਿੱਚ ਬੜਾ ਚੁਕੰਨਾ ਰਹਿਣਾ ਹੁੰਦਾ ਸੀ।

ਜਿਥੋਂ ਤੱਕ ਖਰਚੇ ਦਾ ਸਵਾਲ ਹੈ, ਭਾਰਤੀ ਵਿੱਤੀ-ਪ੍ਰਬੰਧ ਗਰਾਂਟਾਂ ਉੱਤੇ ਬਣਿਆ ਹੋਇਆ ਹੈ।ਆਡਿਟ ਗਰਾਟਾਂ ਸੰਬੰਧੀ ਕੇਵਲ ਇਹ ਨਹੀਂ ਦੇਖਦਾ ਸੀ ਕਿ ਸੰਬੰਧਿਤ ਅਧਿਕਾਰੀ ਖੇਤਰ ਵਿੱਚ ਆਉਂਦੀਆਂ ਹਨ ਕਿ ਨਹੀਂ ਸਗੋਂ ਇਹ ਵੀ ਦੇਖਦਾ ਸੀ ਕਿ ਉਚਿੱਤ ਵਿੱਤੀ ਕਾਨੂੰਨ ਵਿੱਚ ਆਉਂਦੀਆਂ ਹਨ ਜਾਂ ਨਹੀਂ। ਅਡਿਟਰ ਜਨਰਲ ਦੀਆਂ ਰਿਪੋਰਟਾਂ ਹੀ ਪਬਲਿਕ ਅਕਾਊਂਟ ਕਮੇਟੀ ਦੀ ਜਾਂਚ-ਪੜਤਾਲ ਦਾ ਮੁੱਖ ਜਰੀਆ ਸੀ।

ਆਜ਼ਾਦੀ ਤੋਂ ਪਹਿਲਾਂ ਕੇਂਦਰ ਵਿੱਚ ਪਬਲਿਕ ਅਕਾਊਂਟ ਕਮੇਟੀ ਦੇ ਮੈਂਬਰਾਂ ਦੀ ਗਿਣਤੀ 12 ਤੋਂ 20 ਤੱਕ ਸੀ। ਇਨ੍ਹਾਂ ਵਿੱਚੋਂ ਅੱਧੇ ਹਰ ਸਾਲ ਚੁਣੇ ਜਾਂਦੇ ਸਨ। ਗਵਰਨਰ-ਜਨਰਲ ਇਨ੍ਹਾਂ ਚੋ ਚਾਰਾਂ ਨੂੰ ਮਨੋਨੀਤ ਕਰਦਾ ਸੀ। ਵਾਇਸਰਾਏ ਵੀ ਕਾਰਜਕਾਰਣੀ ਦਾ ਵਿੱਤ ਮੈਂਬਰ ਅਤੇ ਇਸ ਕਮੇਟੀ ਦਾ ਮੁੱਖੀ ਹੁੰਦਾ ਸੀ।

ਕਮੇਟੀ ਦੇ ਕੰਮ ਇਸ ਪ੍ਰਕਾਰ ਸਨ :

1. ਸਰਕਾਰ ਦੀ ਵਿੱਤੀ ਲੈਣ-ਦੇਣ ਦਾ ਮੁਕੰਮਲ ਰਿਕਾਰਡ ਰੱਖਣਾ।
2. ਕਾਰਜਕਾਰਣੀ ਦੀਆਂ ਵਿੱਤੀ-ਗੱਲਾਂ ਉੱਤੇ ਵਿਧਾਨਿਕ ਕੰਟਰੋਲ ਰੱਖਣਾ ਅਤੇ
3. ਵਾਧੂ ਖਰਚੇ ਅਤੇ ਫਿਜ਼ੂਲ ਖਰਚੀ ਤੇ ਰੋਕ ਲਗਾਉਣਾ।

ਖਰਚੇ ਵਿੱਚ ਬੇਨਿਯਮੀਆ, ਗੈਰ-ਕਾਨੂੰਨੀ ਅਤੇ ਵਾਧੂ ਖਰਚ ਦੀਆਂ ਗੱਲਾਂ ਤੋਂ ਇਲਾਵਾ ਕਮੇਟੀ ਦਾ ਕੰਮ ਅਨਉਚਿੱਤ ਵੰਡ ਜਿਵੇਂ ਗਰਾਂਟ ਤੋਂ ਗਰਾਂਟ ਜਾਂ ਵੋਟਿਡ ਤੋਂ ਨਾਨ-ਵੋਟਿਡ, ਅਤਿਰਿਕਤ ਗਰਾਂਟਾਂ ਅਤੇ ਖਰਚਿਆਂ ਨੂੰ ਵੀ ਦੇਖਣਾ ਹੁੰਦਾ ਹੈ।ਉਸਦਾ ਧਿਆਨ ਨਵੀਆਂ ਸੇਵਾਵਾਂ ਵੱਲ ਵੀ ਕੇਂਦ੍ਰਿਤ ਕੀਤਾ ਗਿਆ। 1931 ਤੱਕ ਫੌਜੀ ਲੇ

ਖਾ-ਜੋਖਾ ਵੀ ਇਸਦੇ ਦਾਇਰੇ ਤੋਂ ਬਾਹਰ ਸੀ, ਬਾਅਦ ਵਿਚ ਮਿਲਟਰੀ ਅਕਾਊਂਟਸ ਕਮੇਟੀ ਸਥਾਪਿਤ ਹੋ ਗਈ। ਇਸ ਕਮੇਟੀ ਦਾ ਚੇਅਰਮੈਨ ਵਿੱਤ ਮੰਤਰੀ ਸੀ, ਕਮੇਟੀ ਦੀਆਂ ਰਿਪੋਰਟਾਂ ਅਸੈਂਬਲੀ ਵਿੱਚ ਵਿਚਾਰੀਆਂ ਜਾਂਦੀਆਂ ਅਤੇ ਵਿੱਤ ਮੰਤਰੀ ਇਨ੍ਹਾਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਲਈ ਕਦਮ ਚੁੱਕਦਾ ਸੀ

ਆਜ਼ਾਦੀ ਦੇ ਸਮੇਂ ਤੋਂ ਪਬਲਿਕ ਅਕਾਊਂਟਸ ਕਮੇਟੀ

ਸੰਵਿਧਾਨ ਦੇ ਪ੍ਰਬੰਧ ਅਧੀਨ ਕੇਂਦਰ ਵਿਖੇ ਇਕ ਪਬਲਿਕ ਅਕਾਊਂਟਸ ਕਮੇਟੀ ਸਥਾਪਤ ਹੋਈ, ਇਸ ਨੂੰ ਸੰਸਦ ਦੇ ਦੋਵੇਂ ਸਦਨਾਂ ਨੇ ਬਣਾਇਆ, ਜਿਸਦੇ 22 ਮੈਂਬਰ ਰੱਖੇ ਗਏ - 15 ਲੋਕ ਸਭਾ ਵਿੱਚੋਂ ਅਤੇ 7 ਰਾਜ ਸਭਾ ਵਿੱਚੋਂ। ਇਸ ਕਮੇਟੀ ਵਿੱਚ ਲਗਭਗ ਹਰੇਕ ਪਾਰਟੀ ਜ਼ਾਂ ਗਰੁੱਪ ਨੂੰ ਨੁਮਇੰਦਗੀ ਦਿੱਤੀ ਜਾਂਦੀ ਹੈ। ਭਾਵੇਂ ਕਮੇਟੀ ਸਾਲ ਬਾਅਦ ਚੁਣੀ ਜਾਂਦੀ ਹੈ, ਲੇਕਿਨ ਇਹ ਰਿਵਾਜ ਹੈ ਕਿ ਮੈਂਬਰਾਂ ਦੀ ਮਿਆਦ ਦੋ ਸਾਲ ਹੋਵੇ ਤਾਂ ਕਿ ਨਿਰੰਤਰਤਾ ਬਣੀ ਰਹੇ।ਕਮੇਟੀ ਦਾ ਮੁਖੀ, ਕਮੇਟੀ ਦੇ ਹੋਰ ਮੈਂਬਰਾਂ ਵਿੱਚੋਂ ਸਪੀਕਰ ਦੁਆਰਾ ਮਨੋਨੀਤ ਕੀਤਾ ਜਾਂਦਾ ਹੈ। 1966-67 ਦੌਰਾਨ ਕਮੇਟੀ ਦਾ ਮੁੱਖੀ ਰਾਜ ਕਰਨ ਵਾਲੀ ਪਾਰਟੀ ਦਾ ਹੀ ਸੀ। ਉਸ ਤੋਂ ਬਾਅਦ ਵਿਰੋਧੀ ਪਾਰਟੀ ਦੇ ਮੈਂਬਰ ਨੂੰ ਮੁੱਖੀ ਬਣਾਇਆ ਜਾਣ ਲੱਗਾ।

ਕਮੇਟੀ ਦੇ ਕੰਮ

ਕਮੇਟੀ ਦੇ ਕੰਮ ਇਹ ਹੁੰਦੇ ਹਨ ਕਿ ਉਹ ਜਾਂਚ ਕਰੇ ਕਿ ਸੰਸਦ ਦੁਆਰਾ ਸਰਕਾਰੀ ਖਰਚੇ ਦਿੱਤੀਆ ਗਰਾਂਟਾ ਦਾ ਇਸਤੇਮਾਲ ਠੀਕ ਢੰਗ ਨਾਲ ਹੋਇਆ ਹੈ ਜਾਂ ਨਹੀਂ, ਸਰਕਾਰ ਦਾ ਸਲਾਨਾ ਵਿੱਤ ਸੰਬੰਧੀ ਲੇਖਾ-ਜੋਖਾ ਦੇਖਣਾ ਅਤੇ ਇਹੋ-ਜਿਹੇ ਹੋਰ ਲੇਖੇ, ਜਿਨ੍ਹਾਂ ਨੂੰ ਸਦਨ ਅੱਗੇ ਰੱਖਣ ਬਾਰੇ ਕਮੇਟੀ ਨੇ ਆਪਣੀ ਇਹ ਤਸੱਲੀ ਕਰਨੀ ਹੁੰਦੀ ਹੈ ਕਿ :

1. ਉੱਚਿਤ ਧੰਨ, ਕਾਰਜਕਾਰੀ ਸਰਕਾਰ ਦੇ ਵਿੱਤੀ ਆਦਾਨ-ਪ੍ਰਦਾਨ ਖਰਚ ਦੇ ਲੇਖਾ ਜੋਖਾ ਜਾਚਣਾ।
2. ਲੋਕ ਧੰਨ ਦਾ ਇਸਤੇਮਾਲ, ਕਾਰਜਕਾਰੀ ਸਰਕਾਰ ਦੁਆਰਾ ਉਸੇ ਤਰ੍ਹਾਂ ਹੋਇਆ ਜਾਂ ਨਹੀਂ, ਜਿਵੇਂ ਕਿ ਸੰਸਦ ਚਾਹੁੰਦੀ ਸੀ।
3. ਵਿੱਤ ਦੇ ਸਾਰੇ ਮਾਮਲਿਆਂ ਵਿੱਚ ਲੋਕ-ਨੈਤਿਕਤਾ ਦਾ ਪੱਧਰ ਉੱਚਾ ਰਿਹਾ ਹੈ ਜਾਂ ਨਹੀਂ।

ਇਹ ਸਾਰਾ ਕੁਝ ਕਰਦੇ ਹੋਏ, ਪਬਲਿਕ ਅਕਾਊਂਟਸ ਕਮੇਟੀ ਆਪਣੀ ਤਸੱਲੀ ਵੀ ਕਰਦੀ ਸੀ ਕਿ -

1. ਲੇਖੇ ਵਿੱਚ ਜਿਹੜਾ ਧੰਨ ਵੰਡ ਕਰਨ ਲਈ ਦਰਸਾਇਆ ਗਿਆ ਹੈ, ਉਹ ਕਾਨੂੰਨੀ ਤੌਰ ਤੇ ਉਪਲੱਬਧ ਵੀ ਸੀ ਕਿ ਨਹੀਂ ਅਤੇ ਇਹ ਵੀ ਕਿ ਉਹ ਧੰਨ ਜਿਸ ਮੰਤਵ ਲਈ ਰੱਖਿਆ ਗਿਆ ਸੀ, ਉਸੇ ਲਈ ਵਰਤਿਆ ਗਿਆ ਹੈ ਜਾਂ ਨਹੀਂ।
2. ਜਿਹੜੀ ਅਥਾਰਟੀ ਉਸ ਧੰਨ ਨੂੰ ਖਰਚ ਕਰਦੀ ਹੈ, ਕੀ ਉਹ ਖਰਚਾ ਉਸ ਦੇ ਅਨੁਕੂਲ ਵੀ ਸੀ ਜਾਂ ਨਹੀਂ ਅਤੇ
3. ਜਿੰਨਾ ਵੀ ਧੰਨ ਮੁੜ ਪ੍ਰਯੋਗ ਕੀਤਾ ਜਾਂਦਾ ਹੈ, ਉਹ ਨਿਯਮਾਂ ਅਨੁਸਾਰ ਕੀਤਾ ਜਾਂਦਾ ਹੈ, ਜੋ ਕਿ ਇਕ ਉੱਚ-ਅਧਿਕਾਰੀ ਦੁਆਰਾ ਬਣਾਏ ਗਏ ਹੁੰਦੇ ਹਨ। ਪਬਲਿਕ ਅਕਾਊਂਟਸ ਕਮੇਟੀ ਦੀਆਂ ਕੁੱਝ ਡਿਊਟੀਆਂ ਇਸ ਪ੍ਰਕਾਰ ਹੁੰਦੀਆਂ ਹਨ :
   (ੳ) ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ ਦੀ ਲੋਅ ਵਿੱਚ ਜਾਂਚ ਕਰਨ ਸਮੇਂ, ਲੇਖੇ ਦੀ ਉਹ ਸਟੇਟਮੈਂਟ ਜਿਸ ਵਿੱਚ ਆਮਦਨ ਅਤੇ ਖਰਚਾ ਹੋਵੇ, ਰਾਜ ਦੀਆਂ ਕਾਰਪੋਰੇ ਸ਼ਨਾਂ ਦੀ ਵਪਾਰਕ ਅਤੇ ਉਤਪਾਦਨ ਦੀਆਂ ਸਕੀਮਾਂ ਹੋਣ। ਬੈਲੈਂਸ ਸ਼ੀਟਾਂ ਹੋਣ, ਜਿਨ੍ਹਾਂ ਦੇ ਨਾਲ ਸਟੇਟਮੈਂਟ ਵਿੱਚ ਲੇਖੇ ਦਾ ਲਾਭ ਅਤੇ ਹਾਨੀ ਦਰਸਾਈ ਗਈ ਹੋਵੇ, ਇਨ੍ਹਾਂ ਨੂੰ ਤਿਆਰ ਕਰਨ ਵਾਸਤੇ ਰਾਸ਼ਟਰਪਤੀ ਕਹਿ ਸਕਦਾ ਹੈ।
   (ਅ) ਸੁਤੰਤਰ ਅਤੇ ਅਰਧ-ਸੁਤੰਤਰ ਸੰਸਥਾਵਾਂ ਦੀ ਲੇਖੇ ਸੰਬੰਧੀ ਸਟੇਟਮੈਂਟ ਦੇਖਣ ਲਈ ਜਿਸ ਵਿੱਚ ਆਮਦਨ ਅਤੇ ਖਰਚੇ ਦਰਸਾਏ ਹੋਣ ਅਤੇ ਜਿਸਦਾ ਆਡਿੱਟ ਭਾਰਤ ਸਰਕਾਰ ਦੇ ਕੰਪਟਰੋਲਰ ਅਤੇ ਆਡਿੱਟਰ ਜਨਰਲ ਵੱਲੋਂ ਕੀਤਾ ਗਿਆ ਹੋਵੇ, ਇਹ ਰਾਸ਼ਟਰਪਤੀ ਜਾਂ ਸੰਸਦ ਦੇ ਅਧਿਅਨਿਯਮ ਅਨੁਸਾਰ ਕੀਤਾ ਜਾਂਦਾ ਹੈ।
   (ੲ) ਕੰਪਟਰੋਲਰ ਅਤੇ ਆਡਿੱਟਰ ਜਨਰਲ ਦੀ ਰਿਪੋਰਟ, ਉਨ੍ਹਾਂ ਕੇਸਾਂ ਵਿੱਚ ਵਾਚਣੀ, ਜਿਥੇ ਰਾਸ਼ਟਰਪਤੀ ਆਦੇਸ਼ ਕਰੇ ਕਿ ਕੋਈ ਰਸੀਦਾਂ ਜਾਂ ਸਟੋਰ-ਸਟਾਕ ਦੀਆਂ ਵਸਤਾਂ ਦਾ

ਅਡਿੱਟ ਕੀਤਾ ਜਾਵੇ।

ਕਮੇਟੀ ਦਾ ਕੰਮ ਇਹ ਵੀ ਹੈ ਕਿ ਉਹ ਵਿੱਤੀ ਸਾਲ ਅੰਦਰ ਕਿਸੇ ਕੰਮ ਉੱਤੇ ਵੀ ਹੋਏ ਵਾਧੂ ਖਰਚੇ ਦਾ ਮੁਆਇਨਾ ਕਰੇ, ਜੋ ਕਿ ਸੰਸਦ ਦੁਆਰਾ ਪਾਸ ਕੀਤੇ ਧੰਨ ਤੋਂ ਇਲਾਵਾ ਹੋਵੇ। ਇਹੋ ਜਿਹੇ ਕੇਸਾਂ ਦੀ ਪੜਤਾਲ ਕਰਨ ਲਗਿਆਂ, ਕਮੇਟੀ ਇਨ੍ਹਾਂ ਦੀ ਅਸਲੀਅਤ ਅਤੇ ਲੋੜ ਨੂੰ ਮੱਦੇ ਨਜ਼ਰ ਰੱਖਦੀ ਹੈ।

ਕਮੇਟੀ ਅਤੇ ਕੰਮਕਾਰ

ਪਬਲਿਕ ਅਕਾਊਂਟਸ ਕਮੇਟੀ ਆਪਣੀਆਂ ਉਪ-ਕਮੇਟੀਆਂ ਅਤੇ ਗਰੁੱਪ ਬਣਾ ਸਕਦੀ ਹੈ। ਜਦੋਂ ਉਪ-ਕਮੇਟੀਆਂ ਦੀ ਰਿਪੋਰਟ ਨੂੰ ਕਮੇਟੀ ਵੱਲੋਂ ਪ੍ਰਵਾਨਗੀ ਮਿਲ ਜਾਂਦੀ ਹੈ, ਤਾਂ ਇਸ ਨੂੰ ਪਬਲਿਕ ਅਕਾਊਂਟਸ ਕਮੇਟੀ ਦੀ ਹੀ ਰਿਪੋਰਟ ਮੰਨਿਆ ਜਾਂਦਾ ਹੈ।

ਕਮੇਟੀ ਆਪਣੀ ਪੜਤਾਲ ਵਾਸਤੇ ਕਾਗਜ਼, ਬੰਦੇ ਜਾਂ ਰਿਕਾਰਡ ਆਦਿ ਦੀ ਮੰਗ ਕਰ ਸਕਦੀ ਹੈ। ਆਮ ਤੌਰ ਤੇ ਇਸ ਖਰਚੇ ਲਈ ਵਿਭਾਗ ਦੇ ਮੁੱਖੀ ਹੀ ਜ਼ਿੰਮੇਵਾਰ ਹੁੰਦੇ ਹਨ, ਉਨ੍ਹਾਂ ਨੂੰ ਕਿਸੇ ਵੀ ਸਵਾਲ ਜਾਂ ਕਿੰਤੂ ਦੇ ਜਵਾਬ ਲਈ ਕਮੇਟੀ ਅੱਗੇ ਪੇਸ਼ ਹੋਣਾ ਪੈਂਦਾ ਹੈ। ਕੇਵਲ ਕੁੱਝ ਹਾਲਾਤਾਂ ਵਿੱਚ ਸੰਬੰਧਿਤ ਮੰਤਰੀ ਕਮੇਟੀ ਅੱਗੇ ਪੇਸ਼ ਹੁੰਦਾ ਹੈ।

ਕਮੇਟੀ ਦੇ ਕੰਮ ਦੀ ਸਹਾਇਤਾ ਲਈ ਕੰਪਟਰੋਲਰ ਅਤੇ ਆਡਿਟਰ-ਜਨਰਲ ਹੁੰਦੇ ਹਨ, ਉਹ ਕਮੇਟੀ ਦੇ ਗਾਈਡ, ਫਿਲਾਸਫਰ ਅਤੇ ਦੋਸਤ ਹੁੰਦੇ ਹਨ। ਸੀ. ਏ. ਜੀ. ਕਮੇਟੀ ਦਾ ਮੈਂਬਰ ਨਹੀਂ ਹੁੰਦਾ। ਉਹ ਨਿਯੰਤਰਣ ਸੰਬੰਧੀ ਮੀਟਿੰਗਾਂ ਤੇ ਪਹੁੰਚਦਾ ਹੈ। ਆਮ ਤੌਰ ਤੇ ਉਹ ਸਵਾਲ ਨਹੀਂ ਕਰਦਾ। ਲੇਕਿਨ ਜਦੋਂ ਜ਼ਰੂਰੀ ਹੋਵੇ ਤਾਂ ਉਹ ਚੇਅਰਮੈਨ ਦੀ ਮਰਜ਼ੀ ਨਾਲ ਉਹ ਸੰਬੰਧਿਤ ਵਿਸ਼ੇ ਉੱਤੇ ਜਾਣਕਾਰੀ ਹਾਸਲ ਕਰਨ ਲਈ ਸਵਾਲ ਪੁੱਛ ਸਕਦਾ ਹੈ। ਚੇਅਰਮੈਨ ਦੇ ਵਿਸ਼ੇਸ਼ ਨੇੜੇ ਹੋਣ ਕਰਕੇ ਉਹ ਉਸ ਨੂੰ ਕੰਮ ਦੀਆਂ ਤਕਨੀਕਾਂ ਤੋਂ ਵਾਕਫ਼ ਕਰਵਾਉਂਦਾ ਹੈ।

ਕਮੇਟੀਆਂ ਗਵਾਈਆਂ ਤੋਂ ਇਲਾਵਾ ਪ੍ਰਾਈਵੇਟ ਸੰਸਥਾਵਾਂ ਕੋਲੋਂ ਦਸਤਾਵੇਜ਼ ਦੀ ਮੰਗ ਕਰ ਸਕਦੀ ਹੈ ਅਤੇ ਜਾਣਕਾਰੀ ਦੇ ਹੋਰ ਤਰੀਕਿਆਂ ਬਾਰੇ ਵੀ ਪਤਾ ਲਾ ਸਕਦੀ ਹੈ। ਪੂਰੀ ਜਾਂਚ-ਪੜਤਾਲ ਅਤੇ ਸਬੂਤਾਂ ਦੇ ਜ਼ਰੀਏ, ਕਮੇਟੀ ਅੰਤਮ ਨਤੀਜੇ ਤੇ ਪਹੁੰਚਦੀ ਹੈ। ਚੇਅਰਮੈਨ ਸੰਸਦ ਕੋਲ ਰਿਪੋਰਟਾਂ ਨੂੰ ਕਿਸ਼ਤਾਂ ਵਿੱਚ ਪੇਸ਼ ਕਰਦਾ ਹੈ, ਜਦੋਂ ਉਹ ਤਿਆਰ ਹੋ ਜਾਂਦੀਆਂ ਹਨ। ਰਿਪੋਰਟ ਦੇ ਨਾਲ ਉਸਦੀਆਂ ਸੰਖੇਪ ਵਿੱਚ ਮੱਦਾਂ ਵੀ ਲਗਾ ਦਿੱਤੀਆਂ ਜਾਂਦੀਆਂ ਹਨ। ਲੇਕਿਨ ਸਬੂਤਾਂ ਨੂੰ ਛਾਪਿਆ ਨਹੀਂ ਜਾਂਦਾ।ਰਿਪੋਰਟ ਨੂੰ ਉਨ੍ਹਾ ਚਿਰ ਤੱਕ ਗੁਪਤ ਰੱਖਿਆ ਜਾਦਾ ਹੈ, ਜਦ ਤੱਕ ਉਹ ਸੰਸਦ ਦੇ ਸਦਨਾਂ ਅੱਗੇ ਪੇਸ਼ ਨਹੀਂ ਹੋ ਜਾਂਦੀ।

ਹਾਲਾਂ ਕਿ ਸੰਸਦ ਇਨ੍ਹਾਂ ਰਿਪੋਰਟਾ ਦੀ ਚਰਚਾ ਕਰ ਸਕਦੀ ਹੈ, ਪਰ ਫਿਰ ਵੀ ਇਹ ਚਰਚਾ ਘੱਟ ਹੀ ਕਰਦੀ ਹੈ। ਕਮੇਟੀ ਸੰਬੰਧਿਤ ਮੰਤਰਾਲਿਆਂ ਨੂੰ ਜ਼ੋਰ ਦਿੰਦੀ ਹੈ ਕਿ ਜਿਨ੍ਹਾਂ ਸਿਫਾਰਿਸ਼ਾਂ ਦਾ ਜ਼ਿਕਰ ਉਨ੍ਹਾਂ ਨੇ ਰਿਪੋਰਟ ਵਿੱਚ ਦਰਜ ਕੀਤਾ ਹੈ, ਉਨ੍ਹਾਂ ਨੂੰ ਲਾਗੂ ਕਰਨ । ਕਮੇਟੀ ਉਨ੍ਹਾਂ ਦੁਆਰਾ ਦਿੱਤੇ ਉੱਤਰਾਂ ਦਾ ਰਿਵਿਊ ਕਰਦੀ ਹੈ ਅਤੇ ਆਪਣੇ ਵਿਚਾਰ ਨਾਲ ਲਗਾ ਕੇ ਇਨ੍ਹਾਂ ਨੂੰ ਛਪਵਾ ਕੇ, ਸੰਸਦ ਦੇ ਦੋਵਾਂ ਸਦਨਾਂ ਕੋਲ ਪੇਸ਼ ਕਰਦੀ ਹੈ।

ਪੀ. ਏ. ਸੀ. ਦਾ ਕੰਟਰੋਲ ਕਾਫੀ ਮਹੱਤਵਪੂਰਨ ਹੁੰਦਾ ਹੈ। ਇਨ੍ਹਾਂ ਦਾ ਸੰਬੰਧ ਵਿੱਤੀ ਮਾਮਲਿਆਂ ਨਾਲ ਹੁੰਦਾ ਹੈ। ਇਹ ਕੰਟਰੋਲ ਅਰਧ-ਕਾਨੂੰਨੀ ਹੁੰਦਾ ਹੈ, ਜੋ ਕਿ ਇਕ ਤਜ਼ਰਬੇਕਾਰ ਬਾਡੀ ਦੁਆਰਾ ਕੀਤਾ ਜਾਂਦਾ ਹੈ।

3. ਪਬਲਿਕ ਅੰਡਰਟੇਕਿੰਗਜ਼ ਲਈ ਕਮੇਟੀ

ਯੋਜਨਾ ਬੱਧ ਆਰਥਿਕ-ਵਿਕਾਸ ਨੇ ਪਬਲਿਕ-ਅੰਡਰਟੇਕਿੰਗ ਵਿੱਚ ਬਹੁਤ ਜ਼ਿਆਦਾ ਵਾਧਾ ਕੀਤਾ ਹੈ, ਜਿਸ ਨਾਲ ਭਾਰਤ ਵਿੱਚ ਵਪਾਰਕ ਅਤੇ ਉਦਯੋਗਿਕ ਪ੍ਰਗਤੀ ਹੋਈ ਹੈ।ਮਾਰਚ, 1989 ਤੱਕ ਇਨ੍ਹਾਂ ਅੰਡਰਟੇਕਿੰਗਾ ਵਿਚ ਸਰਕਾਰ ਨੇ 10,000 ਕਰੋੜ ਰਪਏ ਤੋਂ ਵਧੇਰੇ ਖਰਚ ਕੀਤੇ ਸਨ। ਇਨ੍ਹਾਂ ਕੰਮਾਂ ਦਾ ਬਹੁਤ ਹਿੱਸਾ ਕੇਂਦਰੀ ਸਰਕਾਰ ਦੁਆਰਾ ਕੀਤਾ ਜਾਂਦਾ ਸੀ, ਸੰਸਦ ਨੇ ਭਾਰਤ ਸਰਕਾਰ ਦੇ ਸੰਯੁਕਤ ਫੰਡ ਵਿੱਚੋਂ ਇਹ ਪੈਸਾ ਖਰਚ ਕੀਤਾ। ਇਨ੍ਹਾਂ ਫੰਡਾਂ ਦੇ ਠੀਕ ਉਪਯੋਗ ਹੋਣ ਬਾਰੇ ਸੰਸਦ ਨੇ ਦੇਖਣਾ ਹੁੰਦਾ ਹੈ।1964 ਤੱਕ ਪਬਲਿਕ ਅਕਾਊਂਟਸ ਕਮੇਟੀ ਅਤੇ ਐਸਟੀਮੇਟ ਕਮੇਟੀ ਇਨ੍ਹਾਂ ਦਾ ਉਚਿੱਤ ਕੰਟਰੋਲ ਕਰਦੀਆਂ ਸਨ। ਲੇਕਿਨ ਕ੍ਰਿਸ਼ਨਾ ਮੈਨਨ ਕਮੇਟੀ ਦੀ ਸਿਫਾਰਿਸ਼ ਉੱਤੇ ਇਕ ਵੱਖਰੀ ਕਮੇਟੀ 1 ਮਈ, 1964 ਨੂੰ ਇਸੇ ਕੰਮ ਲਈ ਬਣਾ ਦਿੱਤੀ ਗਈ, ਜਿਸਨੂੰ ਪਬਲਿਕ-ਅੰਡਰਟੇਕਿੰਗ ਕਮੇਟੀ ਕਹਿੰਦੇ ਹਨ।

ਇਸ ਉੱਤੇ ਸੰਸਦ ਆਪਣਾ ਕੰਟਰੋਲ ਕਈ ਢੰਗਾਂ ਨਾਲ ਕਰਦੀ ਹੈ :

1. ਸੰਸਦ ਦੇ ਸਵਾਲਾਂ ਰਾਹੀਂ ਕੰਟਰੋਲ

2. ਸਦਨ ਦੀਆਂ ਡਿਬੇਟਾਂ ਅਤੇ ਸੰਬੰਧਿਤ/ ਵਿਭਾਗਾਂ ਦੀਆਂ ਗਰਾਂਟਾਂ ਸੰਬੰਧੀ ਮੰਗਾਂ ਬਾਰੇ ਚਰਚਾ

3. ਅੰਡਰਟੇਕਿੰਗਾਂ ਦੀਆਂ ਸਾਲਾਨਾ ਰਿਪੋਰਟਾਂ ਦੇ ਰਾਹੀਂ ਚਰਚਾ ਅਤੇ

4. ਪਬਲਿਕ ਅੰਡਰਟੇਕਿੰਗ ਦੀ ਕਮੇਟੀ ਦੁਆਰਾ ਜਾਂਚ ਦੇ ਰਾਹੀਂ ਕੰਟਰੋਲ

ਕਮੇਟੀ ਵਿੱਚ ਲੋਕ ਸਭਾ ਦੇ ਆਪਣੇ ਵਿੱਚੋਂ ਚੁਣੇ 10 ਮੈਂਬਰ ਅਤੇ ਰਾਜ ਸਭਾ ਦੇ ਉਪਰੋਕਤ ਅਨੁਸਾਰ ਪੰਜ ਮੈਂਬਰ ਹੁੰਦੇ ਹਨ। ਕਮੇਟੀ ਦਾ ਚੇਅਰਮੈਨ , ਲੋਕ ਸਭਾ ਦੇ ਮੈਂਬਰਾਂ ਵਿੱਚੋਂ ਸਪੀਕਰ ਦੁਆਰਾ ਚੁਣਿਆ ਜਾਂਦਾ ਹੈ। ਹੁਣ 15 ਮੈਂਬਰ ਲੋਕ ਸਭਾ ਤੋਂ ਅਤੇ 7 ਮੈਂਬਰ ਰਾਜ ਸਭਾ ਚੋਂ (ਕੁੱਲ 22 ਮੈਂਬਰ) ਚੁਣੇ ਜਾਂਦੇ ਹਨ।

ਕਮੇਟੀ ਦੇ ਮੈਂਬਰ

ਪਬਲਿਕ ਅੰਡਰਟੇਕਿੰਗ ਕਮੇਟੀ ਦੇ ਕੰਮ ਇਸ ਪ੍ਰਕਾਰ ਹਨ :

1. ਪਬਲਿਕ ਅੰਡਰਟੇਕਿੰਗ ਦੀਆਂ ਰਿਪੋਰਟਾਂ ਅਤੇ ਲੇਖੇ ਦੀ ਜਾਂਚ ਕਰਨਾ।

2. ਪਬਲਿਕ ਅੰਡਰਟੇਕਿੰਗ ਉੱਤੇ ਕੰਟਰੋਲਰ ਅਤੇ ਆਡਿੱਟਰ–ਜਨਰਲ ਵੱਲੋਂ ਦਿੱਤੀ ਗਈ ਕਿਸੇ ਰਿਪੋਰਟ ਦੀ ਜਾਂਚ ਕਰਨਾ।

3. ਪਬਲਿਕ ਅੰਡਰਟੇਕਿੰਗਾਂ ਦੀ ਖੁਦਮੁਖਤਾਰੀ ਅਤੇ ਨਿਪੁੰਨਤਾ ਦੇ ਸੰਬੰਧ ਵਿੱਚ ਜਾਂਚ ਕਰਨਾ ਕਿ ਉਨ੍ਹਾਂ ਦੇ ਕੰਮ–ਕਾਰ ਠੀਕ ਪ੍ਰਕਾਰ ਚੱਲ ਰਹੇ ਹਨ ਕਿ ਨਹੀਂ।

4. ਜਿਹੜੇ ਕੰਮ ਪਬਲਿਕ ਅਕਾਊਂਟਸ ਕਮੇਟੀ ਅਤੇ ਐਸਟੀਮੇਟ ਕਮੇਟੀ ਦੇ ਹੋਣ ਅਤੇ ਪਬਲਿਕ ਅੰਡਰਟੇਕਿੰਗ ਨਾਲ ਸੰਬੰਧਿਤ ਹੋਣ ਅਤੇ ਕਮੇਟੀ ਲਈ ਨਿਰਧਾਰਿਤ ਹੋਣ, ਉਨ੍ਹਾਂ ਨੂੰ ਵੀ ਉਸਨੇ ਕਰਨਾ ਹੁੰਦਾ ਹੈ। ਜਿਹੜੇ ਸਮੇਂ–ਸਮੇਂ ਸਪੀਕਰ ਦੁਆਰਾ ਕਮੇਟੀ ਨੂੰ ਅਲਾਟ ਹੁੰਦੇ ਰਹਿੰਦੇ ਹਨ।

ਕਮੇਟੀ ਨਿਮਨਲਿਖਿਤ ਕਿਸੇ ਮਸਲੇ ਬਾਰੇ ਜਾਂਚ ਅਤੇ ਪੜਤਾਲ ਨਹੀਂ ਕਰਦੀ :

1. ਸਰਕਾਰ ਦੀਆਂ ਵੱਡੀਆ ਨੀਤੀਆਂ ਦੇ ਸੰਬੰਧ ਵਿੱਚ, ਜਿਵੇਂ ਵਪਾਰਕ ਅਤੇ ਉਦਯੋਗਿਕ ਕੰਮ।

2. ਰੋਜ਼ਾਨਾ ਦੇ ਪ੍ਰਸ਼ਾਸਨਕ ਮਸਲੇ।

3. ਉਹ ਮਸਲੇ ਜਿਸ ਲਈ ਸਰਕਾਰੀ ਮਸ਼ੀਨਰੀ ਸਥਾਪਿਤ ਕੀਤੀ ਜਾਂਦੀ ਹੈ, ਜੋ ਕਿ ਇਕ ਵਿਸ਼ੇਸ਼ ਅਧਿਨਿਯਮ ਦੁਆਰਾ ਬਣਾਈ ਜਾਂਦੀ ਹੈ ਅਤੇ ਇਸ ਦੇ ਅਧੀਨ ਇਕ ਵਿਸ਼ੇਸ਼ ਅੰਡਰਟੇਕਿੰਗ ਸਥਾਪਿਤ ਹੁੰਦੀ ਹੈ।

ਪਬਲਿਕ ਅੰਡਰਟੇਕਿੰਗ ਕਮੇਟੀ ਅੰਡਰਟੇਕਿੰਗਾਂ ਦੀ ਜਾਂਚ ਕਰਦੀ ਹੈ, ਉਸਦਾ ਕੰਮ ਇਹ ਦੇਖਣਾ ਹੁੰਦਾ ਹੈ ਕਿ ਨੀਤੀਆਂ, ਪ੍ਰੋਗਰਾਮ ਪ੍ਰਬੰਧ, ਆਰਥਿਕ ਸਫਲਤਾ ਆਦਿ ਠੀਕ ਤਰ੍ਹਾਂ ਲਾਗੂ ਹੋ ਰਹੀ ਹੈ ਜਾਂ ਨਹੀਂ।

ਕਮੇਟੀ ਦਾ ਕੰਮਕਾਰ

ਸਾਲ ਦੇ ਸ਼ੁਰੂ ਵਿੱਚ ਕਮੇਟੀ ਇਹ ਫੈਸਲਾ ਕਰ ਲੈਂਦੀ ਹੈ ਕਿ ਕਿਨ੍ਹਾਂ ਵਿਸ਼ਿਆਂ ਉੱਤੇ ਜਾਂ ਕਿਨ੍ਹਾਂ ਵਿਸ਼ਿਆਂ ਦੀ ਜਾਂਚ ਕਰਨੀ ਹੈ।ਕਮੇਟੀ ਦੀ ਜਾਂਚ ਵਿਸ਼ਾਲ ਵੀ ਹੋ ਸਕਦੀ ਹੈ ਅਤੇ ਸੀਮਿਤ ਵੀ। ਕਮੇਟੀ ਦੇ ਚੇਅਰਮੈਨ ਨੂੰ ਇਹ ਅਧਿਕਾਰ ਹੁੰਦਾ ਹੈ ਕਿ ਉਹ ਸੰਬੰਧਿਤ ਅੰਡਰਟੇਕਿੰਗ ਕੋਲੋਂ ਲੋੜੀਂਦੀ ਜਾਣਕਾਰੀ ਹਾਸਲ ਕਰ ਸਕੇ, ਇਹ ਕਮੇਟੀ ਦੁਆਰਾ ਪੂਰਵ–ਘੋਸ਼ਿਤ ਇਤਲਾਹ ਤੋਂ ਬਿਨ੍ਹਾ ਵੀ ਲਈ ਜਾ ਸਕਦੀ ਹੈ ।ਕਮੇਟੀ ਨੂੰ ਜਿਨ੍ਹਾਂ ਜਾਣਕਾਰੀਆ ਦੀ ਲੋੜ ਮਹਿਸੂਸ ਹੁੰਦੀ ਹੈ, ਨਿਮਨ ਅਨੁਸਾਰ ਹਨ :

1. ਮੰਤਰਾਲੇ/ ਵਿਭਾਗ ਜਾਂ ਅੰਡਰਟੇਕਿੰਗ ਦੁਆਰਾ ਪੇਸ਼ ਕੀਤੀ ਗਈ ਆਰੰਭਕ ਅਤੇ ਵਿਸਤਰਿਤ ਜਾਣਕਾਰੀ, ਜਿਸ ਵਿੱਚ ਜਾਂਚੇ ਜਾਣ ਵਾਲੇ ਵਿਸ਼ੇ ਦਰਸਾਏ ਹੋਣ।

2. ਗੈਰ–ਸਰਕਾਰੀ ਸੰਗਠਨਾਂ ਜਿਵੇਂ ਚੈਂਬਰਜ਼ ਆਫ ਕਾਮਰਸ, ਵਪਾਰਕ–ਸੰਗਠਨ, ਵਿਵਸਾਇਕ–ਕੰਸਲਟੈਂਟ, ਟਰੇਡ ਯੂਨੀਅਨਾਂ ਆਦਿ ਦੁਆਰਾ ਪੇਸ਼ ਕੀਤੇ ਗਏ ਦਸਤਾਵੇਜ਼, ਜਿਨ੍ਹਾਂ ਦਾ ਅਧਿਐਨ ਕਰਨਾ ਹੋਵੇ।

3. ਅੰਡਰਟੇਕਿੰਗਾਂ ਮੰਤਰਾਲਿਆਂ/ ਵਿਭਾਗਾਂ ਦੇ ਅਫਸਰਾਂ ਦੁਆਰਾ ਦਿੱਤੇ ਸਬੂਤ।

4. ਆਡਿੱਟ ਰਿਪੋਰਟਾਂ (ਵਪਾਰਕ) ਅਤੇ ਕੰਪਟਰੋਲਰ ਤੇ ਆਡਿੱਟ–ਜਨਰਲ ਦੁਆਰਾ ਪੇਸ਼ ਕੀਤਾ ਗਿਆ ਮੈਮੋਰੰਡਮ ਆਫ ਇੰਪਾਰਟੈਂਟਸ।

ਕਮੇਟੀ ਦੀ ਡਰਾਫਟ–ਰਿਪੋਰਟ, ਅੰਡਰਟੇਕਿੰਗ ਮੰਤਰਾਲੇ / ਵਿਭਾਗ ਵਿੱਤੀ–ਮੰਤਰਾਲੇ ਅਤੇ ਸੀ. ਏ. ਜੀ. ਨੂੰ ਅਸਲੀਅਤ ਜਾਂਚਣ ਲਈ ਭੇਜੀ ਜਾਂਦੀ ਹੈ।ਇਨ੍ਹਾਂ ਏਜੰਸੀਆਂ ਤੋਂ ਅਸਲ ਜਾਣਕਾਰੀ ਮਿਲਣ ਉਪਰੰਤ ਹੀ ਰਿਪੋਰਟ

ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ।ਅੰਤਿਮ ਰਿਪੋਰਟ ਸੰਸਦ ਵਿੱਚ ਪੇਸ਼ ਕਰ ਦਿੱਤੀ ਜਾਂਦੀ ਹੈ। ਕੁਦਰਤੀ ਗੱਲ ਹੈ ਕਿ ਇਹੋ ਜਿਹੀਆਂ ਰਿਪੋਰਟਾਂ ਦੀ ਲਾਭਕਾਰੀ-ਜਾਣਕਾਰੀ ਅਤੇ ਅਸਲ-ਤੱਥ ਸਲਾਹੇ ਜਾਂਦੇ ਹਨ।

ਪ੍ਰਥਾ ਅਨੁਸਾਰ ਸੀ.ਪੀ.ਯੂ ਦੀ ਰਿਪੋਰਟ, ਪੀ.ਏ.ਸੀ. ਅਤੇ ਈ.ਸੀ. ਵਾਂਗ ਸਦਨ ਵਿੱਚ ਵਿਚਾਰੀ ਜਾਂਦੀ ਹੈ ਲੇਕਿਨ ਰਿਪੋਰਟ ਉੱਤੇ ਨਿਰਣੇ ਸੰਬੰਧਿਤ ਅੰਡਰਟੇਕਿੰਗ/ਮੰਤਰਾਲੇ/ਵਿਭਾਗ ਆਦਿ ਦੀ ਸਹਿਮਤੀ ਨਾਲ ਹੀ ਲਈ ਜਾਂਦੇ ਹਨ। ਕਮੇਟੀ ਦੁਆਰਾ ਰਿਪੋਰਟ ਤਿਆਰ ਕਰਕੇ ਸੰਸਦ ਅੱਗੇ ਪੇਸ਼ ਕੀਤੀ ਜਾਂਦੀ ਹੈ।

ਸੀ.ਪੀ.ਯੂ. ਦਾ ਕੰਟਰੋਲ ਸੀਮਿਤ ਹੁੰਦਾ ਹੈ। ਪਹਿਲੀ ਗੱਲ ਹੈ ਕਿ ਲਗਭਗ 130 ਅੰਡਰਟੇਕਿੰਗਾਂ ਹਨ। ਉਨ੍ਹਾਂ ਵਿੱਚੋਂ ਕਮੇਟੀ ਦੁਆਰਾ ਹਰ ਸਾਲ ਕੇਵਲ ਦਸਾਂ ਦੀ ਜਾਂਚ ਹੁੰਦੀ ਸੀ। ਸੀ.ਪੀ. ਯੂ. ਕਿਸੇ ਇਕ ਅੰਡਰਟੇਕਿੰਗ ਦਾ ਦੱਸਾਂ ਸਾਲ ਬਾਅਦ ਮੁਆਇਨਾ ਕਰਦੀ ਹੈ।ਦੂਜੀ ਗੱਲ ਕਿ ਕਮੇਟੀ ਦੀ ਜਾਂਚ ਆਮ ਤੌਰ ਤੇ ਤਕਨੀਕੀ ਮਾਮਲਿਆਂ ਬਾਰੇ ਨਹੀਂ ਹੁੰਦੀ, ਕਿਉਂਕਿ ਕਮੇਟੀ ਦੇ ਮੈਂਬਰਾ ਕੋਲ ਲੋੜੀਦੀ ਸੂਝ-ਬੂਝ ਅਤੇ ਡੂੰਘਾ-ਅਧਿਐਨ ਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਨਹੀਂ। ਆਧੁਨਿਕ ਸਰਕਾਰ ਦਾ ਵਿਧਾਨਕ-ਵਿੱਤੀ-ਕੰਟਰੋਲ ਬੜਾ ਆਮ ਜਿਹਾ ਬਣ ਕੇ ਰਹਿ ਗਿਆ ਹੈ, ਯਥਾਰਥਕ ਨਹੀਂ ਰਿਹਾ। ਕੈਬਿਨੇਟ ਪ੍ਰਬੰਧ ਦੇ ਅਧੀਨ ਜਦੋਂ ਸਦਨ ਵਿੱਚ ਬੱਜਟ ਵਿਚਾਰਿਆ ਜਾਂਦਾ ਹੈ ਤਾਂ ਬਹੁਤ ਘੱਟ ਹੀ ਅਜਿਹਾ ਦੇਖਣ ਵਿੱਚ ਆਉਂਦਾ ਹੈ, ਕਿ ਖਰਚਿਆਂ ਦੇ ਅਨੁਮਾਨ ਉੱਤੇ ਕਟ ਲਗਾਇਆ ਗਿਆ ਹੋਵੇ ।ਐਸਟੀਮੇਟ ਕਮੇਟੀ ਬੱਚਤ ਅਤੇ ਨਿਪੁੰਨਤਾ ਵੱਲ ਜ਼ਿਆਦਾ ਧਿਆਨ ਦੇਂਦੀ ਹੈ, ਜੋ ਕਿ ਪ੍ਰਸ਼ਾਸਨ-ਸੁਧਾਰਾਂ ਅਤੇ ਵੱਖ-ਵੱਖ ਵਿਭਾਗਾਂ ਦੇ ਪੁਨਰਗਠਨ ਰਾਹੀਂ ਹਾਸਲ ਕਰਦੀ ਹੈ, ਉਹ ਸਿੱਧਾ ਖਰਚੇ ਤੇ ਕੱਟ ਨਹੀਂ ਲਗਾਉਂਦੀ। ਪੀ.ਏ . ਸੀ. ਆਡਿਟ ਦੀ ਰਿਪੋਰਟ ਦਾ ਪੋਸਟ ਮਾਰਟਮ ਕਰਦੀ ਹੈ, ਕਈ ਵਾਰ ਉਹ ਪਹਿਲਾ ਹੋ ਚੁਕੇ ਖਰਚੇ ਨਾਲ ਸੰਬੰਧਿਤ ਹੁੰਦੀ ਹੈ, ਜਿਸਦਾ ਕਿ ਅਜੋਕੇ ਵਿੱਤੀ-ਕੰਮਾ ਉੱਤੇ ਕੋਈ ਅਸਰ ਨਹੀਂ ਪੈ ਸਕਦਾ। ਇਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਚੈਕ ਤਾਂ ਚੰਗੀ ਤਰ੍ਹਾਂ ਕਰ ਸਕਦੀ ਹੈ, ਲੇਕਿਨ ਇਸਦਾ ਕੋਈ ਅਸਰਦਾਇਕ ਕੰਟਰੋਲ ਨਹੀਂ ਹੈ।

ਸਹਾਇਕ ਪੁਸਤਕਾਂ

1. B.C. Chubb : The Control of Public Expenditure.
2. P.K. Wattal : parliamentary Financial Control in India
3. Sharma MP. : Public Administration in Theory and Practice.

ਭਾਰਤ ਦਾ ਕੰਪਟਰੋਲਰ ਅਤੇ ਆਡਿਟਰ ਜਨਰਲ
(Comptroller and Auditor General of India)

ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ, ਜਿਸਦੇ ਅਨੁਸਾਰ ਸਰਕਾਰ ਸੰਸਦ ਦੇ ਹੁਕਮ ਤੋਂ ਬਿਨਾਂ ਕਿਸੇ ਵੀ ਕਿਸਮ ਦਾ ਕੋਈ ਵੀ ਖਰਚ ਨਹੀਂ ਕਰ ਸਕਦੀ ਅਤੇ ਨਾ ਹੀ ਕੋਈ ਟੈਕਸ ਲਗਾ ਸਕਦੀ ਹੈ। ਦਰਅਸਲ ਸਰਕਾਰ ਪ੍ਰਸ਼ਾਸਨ ਅਤੇ ਵਿੱਤ ਸੰਬੰਧੀ ਮਾਮਲਿਆਂ ਦੇ ਬਾਰੇ ਵਿੱਚ ਸੰਸਦ ਦੇ ਪ੍ਰਤੀ ਜਵਾਬਦੇਹ ਹੈ। ਸੰਸਦ ਦੇ ਮੈਂਬਰ ਕਿਸੇ ਵੀ ਸਮੇਂ ਦੇਸ਼ ਦੀ ਆਰਥਿਕ, ਪ੍ਰਸ਼ਾਸ਼ਕ ਅਤੇ ਹੋਰ ਕਿਸੇ ਸਥਿਤੀ ਬਾਰੇ ਸਰਕਾਰ ਤੋਂ ਸਵਾਲ ਪੁੱਛ ਸਕਦੇ ਹਨ ਅਤੇ ਮੰਤਰੀਆਂ ਨੂੰ ਉਸ ਦਾ ਜਵਾਬ ਦੇਣਾ ਪੈਂਦਾ ਹੈ।ਦੇਸ਼ ਦੀ ਵਿੱਤੀ ਵਿਵਸਥਾ ਉੱਤੇ ਸੰਸਦ ਦਾ ਪੂਰਾ ਕੰਟਰੋਲ ਹੋਣਾ ਜ਼ਰੂਰੀ ਹੈ, ਪਰ ਸੰਸਦ ਦੇ ਮੈਂਬਰਾਂ ਨੂੰ ਵਿੱਤੀ ਸਮੱਸਿਆਵਾਂ ਦਾ ਗਿਆਨ ਨਹੀਂ ਹੁੰਦਾ ਅਤੇ ਨਾ ਹੀ ਉਹ ਸਰਕਾਰ ਦੀ ਸਥਾਈ ਕਰਮਚਾਰੀਆਂ ਦੀ ਤਰ੍ਹਾਂ ਪੂਰੇ ਸਮੇਂ ਲਈ ਕੰਮ ਕਰਦੇ ਹਨ।ਇਸ ਲਈ ਸੰਸਦ ਨੂੰ ਸਰਕਾਰ ਵਿੱਤੀ ਨੀਤੀ ਉੱਤੇ ਕੰਟਰੋਲ ਕਰਨ ਵਾਸਤੇ ਵਿੱਤ ਪ੍ਰਸ਼ਾਸਨ ਵਿੱਚ ਨਿਪੁੱਟ ਕੰਪਟਰੋਲਰ ਅਤੇ ਆਡਿੱਟਰ ਜਨਰਲ (Comptroller and Auditor General) ਦੀ ਸਹਾਇਤਾ ਲੈਣੀ ਪੈਂਦੀ ਹੈ। ਕੰਪਟਰੋਲਰ ਅਤੇ ਆਡਿੱਟਰ ਜਨਰਲ ਸੰਸਦ ਦੇ ਪ੍ਰਤੀਨਿਧ ਦੇ ਰੂਪ ਵਿੱਚ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਾਲੇ ਦੇ ਰੂਪ ਵਿੱਚ ਸਰਕਾਰ ਦੀ ਆਰਥਿਕ ਨੀਤੀ ਅਤੇ ਵਿੱਤੀ ਵਿਵਸਥਾ ਉੱਤੇ ਕੰਟਰੋਲ ਕਰਦਾ ਹੈ।ਸਰਕਾਰ ਦਾ ਕੋਈ ਵੀ ਵਿਭਾਗ ਜਾਂ ਅਧਿਕਾਰੀ ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਮਨਜ਼ੂਰੀ ਤੋਂ ਬਿਨਾਂ ਖਰਚ ਨਹੀਂ ਕਰ ਸਕਦਾ ਅਤੇ ਖਰਚ ਕਰਨ ਤੋਂ ਬਾਅਦ ਉਸਨੂੰ ਇਸ ਦੇ ਲਈ ਕੰਪਟਰੋਲਰ ਅਤੇ ਆਡਿਟਰ ਜਨਰਲ ਦੇ ਪ੍ਰਤੀ ਜਵਾਬਦੇਹ ਹੋਣਾ ਪੈਂਦਾ ਹੈ।

ਭਾਰਤ ਵਿੱਚ ਇਸ ਅਹੁੱਦੇ ਦੀ ਸਥਾਪਨਾ 1919 ਵਿੱਚ ਹੋਈ, ਜਦੋਂ ਮੋਨਟੇਗਿਊ-ਚੈਮਸਫੋਰਡ ਸੁਧਾਰ (Montague-Chelmsford Reforms) ਦੇ ਅਧੀਨ ਪਹਿਲੀ ਵਾਰ ਸਕੱਤਰ (Secretary of State for India) ਦੁਆਰਾ ਆਡਿਟਰ ਜਨਰਲ ਦੀ ਨਿਯੁਕਤੀ ਕੀਤੀ ਗਈ ਸੀ।ਉਹ ਭਾਰਤ ਸਕੱਤਰ ਦੇ ਪ੍ਰਤੀ ਜਵਾਬਦੇਹ ਹੁੰਦਾ ਸੀ।ਉਸ ਨੂੰ ਆਡਿਟ ਅਤੇ ਲੇਖਾ ਵਿਭਾਗ (Audit and Accounts Department) ਦਾ ਮੁੱਖ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਉਹ ਭਾਰਤ ਸਰਕਾਰ ਦੇ ਸਕੱਤਰ ਦੇ ਪ੍ਰਤੀ ਜਵਾਬਦੇਹ ਹੁੰਦਾ ਹੈ। ਬ੍ਰਿਟਿਸ਼ ਬਾਦਸ਼ਾਹ ਦੀ ਮਰਜ਼ੀ ਤੱਕ ਉਹ ਆਪਣੇ ਆਹੁੱਦੇ ਤੇ ਰਹਿੰਦਾ ਸੀ। ਉਹ ਭਾਰਤ ਵਿੱਚ ਕੀਤੇ ਗਏ ਸਾਰੇ ਖਰਚੇ ਦੀ ਰਿਪੋਰਟ ਭਾਰਤ ਸਰਕਾਰ ਦੇ ਸਕੱਤਰ ਦੇ ਸਾਹਮਣੇ ਪੇਸ਼ ਕਰਦਾ ਸੀ।1935 ਦੇ ਭਾਰਤ ਸਰਕਾਰ ਐਕਟ (Government of India Act, 1935) ਦੇ ਅਨੁਸਾਰ ਇਸ ਅਹੁਦੇ ਨੂੰ ਸੰਵਿਧਾਨਿਕ ਰੂਪ ਦੇ ਦਿੱਤਾ ਗਿਆ, ਜਿਸ ਨਾਲ ਉਸਦੇ ਮਹੱਤਵ ਵਿੱਚ ਹੋਰ ਵੀ ਵਾਧਾ ਹੋਇਆ। ਇਸ ਐਕਟ ਦੇ ਅਨੁਸਾਰ ਉਸਦੀ ਨਿਯੁਕਤੀ ਬ੍ਰਿਟਿਸ਼ ਬਾਦਸ਼ਾਹ ਦੁਆਰਾ ਕੀਤੀ ਜਾਣ ਲੱਗ ਪਈ ਅਤੇ ਉਸ ਨੂੰ ਸੰਘੀ ਅਦਾਲਤ (Federal Court) ਦੇ ਬਰਾਬਰ ਦੀ ਸਥਿਤੀ ਪ੍ਰਦਾਨ ਕਰਕੇ ਇਸਨੂੰ ਕੰਪਟਰੋਲਰ ਅਤੇ ਆਡਿੱਟਰ ਜਨਰਲ ਦਾ ਨਾਂ ਦਿੱਤਾ ਗਿਆ ਅਤੇ ਇਸ ਨੂੰ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਸਥਿਤੀ ਪ੍ਰਦਾਨ ਕੀਤੀ ਗਈ ਹੈ। ਧਨ ਦੀ ਫਜ਼ੂਲ ਖਰਚੀ ਨੂੰ ਰੋਕਣ ਅਤੇ ਵਿੱਤੀ ਪ੍ਰਸ਼ਾਸਨ ਨੂੰ ਸਫਲ ਬਣਾਉਣ ਦੇ ਲਈ ਵੀ ਲੋਕ ਵਿੱਤ (Public Finance) ਦੇ ਉਚਿੱਤ ਲੇਖੇ ਰੱਖਣ ਅਤੇ ਲੇਖਾ ਪੜਤਾਲ (Accounting and Auditing) ਦਾ ਹੋਣਾ ਬਹੁਤ ਹੀ ਜ਼ਰੂਰੀ ਮੰਨਿਆ ਗਿਆ ਹੈ। ਸੰਸਦੀ ਸ਼ਾਸਨ ਵਿਵਸਥਾ ਵਿੱਚ ਇਸਦੀ ਮਹੱਤਤਾ ਨਿਰਵਿਵਾਦ ਹੈ।

ਨਿਯੁਕਤ ਅਤੇ ਅਹੁੱਦੇ ਤੋਂ ਹਟਾਉਣਾ (Appointment and Removal)

ਕੰਪਟਰੋਲਰ ਅਤੇ ਆਡਿੱਟਰ ਜਨਰਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।ਸੰਵਿਧਾਨ ਦੀ ਧਾਰਾ 148 (1) ਦੇ ਅਨੁਸਾਰ ਭਾਰਤ ਦਾ ਕੰਪਟਰੋਲਰ ਅਤੇ ਆਡਿੱਟਰ ਜਨਰਲ ਹੋਵੇਗਾ, ਜਿਸਨੂੰ ਰਾਸ਼ਟਰਪਤੀ ਆਪਣੇ ਦਸਤਖਤ ਅਤੇ ਮੋਹਰ ਸਹਿਤ ਅਧਿਪੱਤਰ (Warrant) ਦੁਆਰਾ ਨਿਯੁਕਤ ਕਰੇਗਾ ਅਤੇ ਉਹ ਆਪਣੇ ਅਹੁਦੇ ਤੇ ਸਿਰਫ ਉਸ ਵਿਧੀ ਅਤੇ ਉਨ੍ਹਾਂ ਕਾਰਣਾਂ ਵਜੋਂ ਹਟਾਇਆ ਜਾਵੇਗਾ ਜਿਸ ਵਿਧੀ ਅਤੇ ਜਿਨ੍ਹਾਂ ਕਾਰਣਾਂ ਵਜੋਂ

ਸੁਪਰੀਮ ਕੋਰਟ ਦਾ ਜੱਜ ਹਟਾਇਆ ਜਾ ਸਕਦਾ ਹੈ।[1]

ਰਾਸ਼ਟਰਪਤੀ, ਸੁਪਰੀਮ ਕੋਰਟ ਦੇ ਜੱਜਾਂ ਦੀ ਤਰ੍ਹਾਂ ਇਸ ਅਹੁਦੇ ਲਈ ਆਡਿੱਟ ਤੇ ਲੇਖੇ (Audit and Accounts) ਵਿੱਚ ਨਿਪੁੰਨ ਵਿਅਕਤੀ ਨੂੰ ਨਿਯੁਕਤ ਕਰਦਾ ਹੈ।ਉਸਦਾ ਕਾਰਜਕਾਲ 6 ਸਾਲ ਹੈ। ਪਹਿਲਾਂ ਇਸ ਅਹੁਦੇ ਤੋਂ ਰਿਟਾਇਰ ਹੋਣ ਲਈ ਉਮਰ ਸੰਬੰਧੀ ਕੋਈ ਪਾਬੰਦੀ ਨਹੀਂ ਸੀ, ਪਰ ਫਰਵਰੀ 1972 ਵਿੱਚ ਇਕ ਵਿਸ਼ੇਸ਼ ਐਕਟ ਦੇ ਅਨੁਸਾਰ ਇਸਦੀ ਸੇਵਾ ਦੀਆਂ ਸ਼ਰਤਾਂ ਵਿੱਚ ਪਰਿਵਰਤਨ ਕੀਤਾ ਗਿਆ ਹੈ, ਜਿਸਦੇ ਅਨੁਸਾਰ ਉਸਦੇ ਰਿਟਾਇਰ ਹੋਣ ਲਈ 65 ਸਾਲ ਦੀ ਉਮਰ ਨਿਸ਼ਚਿਤ ਕੀਤੀ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਉਸਦੀ ਨਿਯੁਕਤੀ 6 ਸਾਲ ਲਈ ਕੀਤੀ ਜਾਵੇਗੀ ਪਰ ਸਾਲ ਖਤਮ ਹੋਣ ਤੋਂ ਪਹਿਲਾਂ ਉਸਦੀ ਉਮਰ 65 ਸਾਲ ਹੋ ਜਾਵੇ ਤਾਂ ਉਸਨੂੰ ਰਿਟਾਇਰ ਹੋਣਾ ਪਵੇਗਾ।

ਭਾਵੇਂ ਕੰਪਟਰੋਲਰ ਅਤੇ ਆਡਿੱਟਰ ਜਨਰਲ ਨੂੰ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ, ਫਿਰ ਵੀ ਸੰਵਿਧਾਨ ਦੁਆਰਾ ਉਸਨੂੰ ਕਾਰਜਪਾਲਿਕਾ ਤੋਂ ਸੁਤੰਤਰ ਰੱਖਣ ਦਾ ਯਤਨ ਕੀਤਾ ਗਿਆ ਹੈ। ਰਾਸ਼ਟਰਪਤੀ ਉਸ ਨੂੰ ਆਪਣੀ ਇੱਛਾ ਅਨੁਸਾਰ ਅਹੁਦੇ ਤੋਂ ਨਹੀਂ ਹਟਾ ਸਕਦਾ।ਉਸਨੂੰ ਸਿਰਫ ਸੁਪਰੀਮ ਕੋਰਟ ਦੇ ਜੱਜਾਂ ਦੀ ਤਰ੍ਹਾਂ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।ਉਸ ਨੂੰ ਹਟਾਉਣ ਲਈ ਇਕ ਵਿਸ਼ੇਸ਼ ਵਿਧੀ ਅਪਨਾਉਣੀ ਪੈਂਦੀ ਹੈ, ਜਿਸ ਦੇ ਅਨੁਸਾਰ ਜੇਕਰ ਸੰਸਦ ਦੇ ਦੋਵੇਂ ਸਦਨ ਦੋ-ਤਿਹਾਈ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਰਾਸ਼ਟਰਪਤੀ ਕੋਲ ਭੇਜ ਦੇਣ ਤਾਂ ਰਾਸ਼ਟਰਪਤੀ ਉਸਨੂੰ ਹਟਾ ਸਕਦਾ ਹੈ।

ਵੇਤਨ ਅਤੇ ਸੇਵਾ ਦੀਆਂ ਸ਼ਰਤਾਂ (Salary and Conditions of Services)

ਕੰਪਟਰੋਲਰ ਅਤੇ ਆਡਿਟਰ ਜਨਰਲ ਦੇ ਵੇਤਨ ਅਤੇ ਸੇਵਾ ਦੀਆਂ ਸ਼ਰਤਾਂ ਸਰਕਾਰ ਦੁਆਰਾ ਨਿਰਧਾਰਿਤ ਕੀਤੀਆਂ ਜਾ ਸਕਦੀਆਂ ਹਨ।ਪਰ ਨਿਯੁਕਤੀ ਹੋ ਜਾਣ ਤੋਂ ਬਾਅਦ ਨਾ ਤੇ ਉਸ ਦੇ ਵੇਤਨ ਨੂੰ ਘਟਾਇਆ ਜਾ ਸਕਦਾ ਹੈ ਅਤੇ ਨਾ ਹੀ ਉਸ ਦੀ ਸੇਵਾ ਦੀਆਂ ਸ਼ਰਤਾਂ ਵਿੱਚ ਪਰਿਵਰਤਨ ਕੀਤਾ ਜਾ ਸਕਦਾ ਹੈ।

ਉਸਦੇ ਵੇਤਨ ਅਤੇ ਭੱਤੇ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਹੁੰਦੇ ਹਨ। ਉਸ ਦੇ ਵੇਤਨ ਭਾਰਤ ਦੀ ਸੰਚਿਤ ਨਿਧੀ (Consolidated Fund of India) ਵਿੱਚੋਂ ਦਿੱਤਾ ਜਾਂਦਾ ਹੈ, ਜਿਸਦੇ ਲਈ ਸੰਸਦ ਦੀ ਪ੍ਰਵਾਨਗੀ ਨਹੀਂ ਲਈ ਜਾਂਦੀ । 1935 ਦੇ ਐਕਟ ਰਾਹੀਂ ਕੰਪਟਰੋਲਰ ਅਤੇ ਆਡਿਟਰ ਜਨਰਲ ਨੂੰ ਫਿਕਸਿਡ 4,000 ਰੁਪਏ ਮਹੀਨਾ ਵੇਤਨ ਮਿਲਦਾ ਸੀ, ਪਰ ਫਿਰ ਉਸ ਨੂੰ 9,000ਰੁ:- ਮਹੀਨਾ ਮਿਲਦਾ ਸੀ। ਫਰਵਰੀ, 1972 ਤੋਂ ਨਵੇਂ ਐਕਟ ਅਨੁਸਾਰ ਉਸਨੂੰ ਰਿਟਾਇਰ ਹੋਣ ਤੇ 15,000/- ਰੁਪਏ ਪ੍ਰਤੀ ਸਾਲ ਪੈਨਸ਼ਨ ਦੇਣੀ ਨਿਸ਼ਚਿਤ ਕੀਤੀ ਗਈ ਹੈ।ਇਸ ਨੂੰ ਤਨਖਾਹ, ਭੱਤੇ ਅਤੇ ਪੈਨਸ਼ਨ ਭਾਰਤ ਦੇ ਸੰਚਿਤ ਨਿਧੀ ਫੰਡ ਵਿੱਚੋਂ ਮਿਲਦੇ ਹਨ ਅਤੇ ਇਸ ਵਿੱਚ ਪਾਰਲੀਮੈਂਟ ਵਿੱਚ ਵੋਟਿੰਗ ਦੀ ਕੋਈ ਲੋੜ ਨਹੀਂ।ਹੁਣ ਨਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਇਹ ਤਨਖਾਹ ਅਤੇ ਭੱਤਿਆਂ ਬਾਰੇ ਲੋੜੀਂਦਾ ਡੈਟਾ ਉਪਲੱਬਧ ਨਹੀਂ ਹੈ।

ਰਿਟਾਇਰ ਹੋਣ ਤੋਂ ਬਾਅਦ ਉਹ ਕੇਂਦਰੀ ਜਾਂ ਕਿਸੇ ਰਾਜ ਸਰਕਾਰ ਦੇ ਅਧੀਨ ਕੋਈ ਨੌਕਰੀ ਨਹੀਂ ਕਰ ਸਕਦਾ।ਉਹ ਭਾਰਤ ਦੀ ਸੁਪਰੀਮ ਕੋਰਟ ਦੇ ਮੁੱਖ ਜੱਜ (Chief Justice) ਦੀ ਤਰ੍ਹਾਂ ਅਹੁੱਦਾ ਗ੍ਰਹਿਣ ਕਰਨ ਤੋਂ ਪਹਿਲਾਂ ਸੌਂਹ ਚੁਕਦਾ ਹੈ। ਇਹ ਸਾਰੇ ਉਪਬੰਧ(Provision) ਇਸ ਲਈ ਕੀਤੇ ਗਏ ਹਨ ਤਾਂ ਕਿ ਕੰਪਟਰੋਲਰ ਅਤੇ ਆਡਿਟਰ ਜਨਰਲ ਨੂੰ ਸੁਤੰਤਰ ਹੋਂਦ ਪ੍ਰਦਾਨ ਕੀਤੀ ਜਾ ਸਕੇ ਤਾਂ ਕਿ ਉਹ ਕਿਸੇ ਤਰ੍ਹਾਂ ਦੇ ਲਾਲਚ ਵਿੱਚ ਕਾਰਜਪਾਲਿਕਾ ਨੂੰ ਅਨੁਚਿਤ ਢੰਗ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਨਾ ਕਰੇ।

ਕਾਰਜ (Functions)

ਭਾਰਤੀ ਸੰਵਿਧਾਨ ਦੀ ਧਾਰਾ 149 ਅਧੀਨ ਕੰਪਟਰੋਲਰ ਅਤੇ ਆਡਿਟਰ ਜਨਰਲ ਦੀਆਂ ਸ਼ਕਤੀਆਂ ਦਾ ਵਰਣਨ ਕੀਤਾ ਗਿਆ ਹੈ। ਕੰਪਟਰੋਲਰ ਅਤੇ ਆਡਿੱਟਰ ਜਨਰਲ ਕੇਂਦਰ ਅਤੇ ਰਾਜਾਂ ਅਤੇ ਹੋਰ ਸੰਸਥਾਵਾਂ ਅਤੇ

---

1. "There shall be Comptroller and Auditor General of India who shall be appointed by the President by warrant under his hand and shall only be removed from office in like manner and on the like grounds as a judge of Supreme Court." - Artcle 148(b)

ਅਦਾਰਿਆਂ ਦੇ ਲੇਖਾ ਰੱਖਣ ਦੇ ਸੰਬੰਧ ਵਿਚ ਅਜਿਹੇ ਕਾਰਜਾਂ ਅਤੇ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਨ੍ਹਾਂ ਨੂੰ ਸੰਸਦ ਕਾਨੂੰਨ ਅਨੁਸਾਰ ਨਿਸ਼ਚਿਤ ਕਰੇ ਅਤੇ ਜਦੋਂ ਇਸ ਤਰ੍ਹਾਂ ਦਾ ਉਪਬੰਧ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕੇਂਦਰ ਅਤੇ ਰਾਜਾਂ ਦੇ ਸੰਬੰਧ ਵਿੱਚ ਅਜਿਹੇ ਕਰਤੱਵਾਂ ਦਾ ਪਾਲਣ ਅਤੇ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਹੜੀਆਂ ਇਸ ਸੰਵਿਧਾਨ ਦੇ ਲਾਗੂ ਹੋਣ ਤੋਂ ਠੀਕ ਪਹਿਲਾਂ ਕ੍ਰਮ ਅਨੁਸਾਰ ਭਾਰਤ ਡੋਮੀਨੀਅਨ ਅਤੇ ਪ੍ਰਾਂਤਾਂ ਦੇ ਲੇਖਿਆਂ ਦੇ ਸੰਬੰਧ ਵਿੱਚ ਭਾਰਤ ਦੇ ਆਡਿੱਟਰ ਜਨਰਲ ਨੂੰ ਪ੍ਰਾਪਤ ਸਨ ਜਾਂ ਕੇਂਦਰ ਦੁਆਰਾ ਪ੍ਰਯੋਗ ਕੀਤੀਆਂ ਜਾਂਦੀਆਂ ਸਨ, ਕਿਉਂਕਿ ਹੁਣ ਤੱਕ ਸੰਸਦ ਨੇ ਅਜਿਹਾ ਬਿੱਲ ਨਹੀਂ ਬਣਾਇਆ, ਇਸ ਲਈ ਉਹ ਜ਼ਿਆਦਾਤਰ ਉਹ ਕਾਰਜ ਹੀ ਕਰਦਾ ਹੈ, ਜੋ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਕਰਦਾ ਸੀ।

ਭਾਰਤ ਵਿੱਚ ਇੰਗਲੈਂਡ ਦੀ ਤਰ੍ਹਾਂ ਕੰਪੱਟਰੋਲਰ ਤੇ ਆਡਿੱਟਰ ਜਨਰਲ ਵਿੱਤ ਸੰਬੰਧੀ ਕਈ ਕਾਰਜ ਕਰਦਾ ਹੈ ਅਤੇ ਸਰਕਾਰੀ ਆਮਦਨ ਅਤੇ ਖਰਚ ਉੱਤੇ ਉਸ ਦਾ ਪੂਰਾ ਕੰਟਰੋਲ ਹੁੰਦਾ ਹੈ। ਉਸ ਦੇ ਕਾਰਜਾਂ ਦੀ ਪ੍ਰਾਪਤੀ ਦੇ ਅਨੁਸਾਰ ਉਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

1. ਲੇਖਾਪਾਲ ਦੇ ਰੂਪ ਵਿਚ (As an Accountant)

ਲੇਖਾਪਾਲ ਦੀ ਸਥਿਤੀ ਵਿੱਚ ਉਹ ਨਿਮਨਲਿਖਿਤ ਕਾਰਜ ਕਰਦਾ ਹੈ :

(i) ਉਹ ਕੇਂਦਰੀ ਅਤੇ ਰਾਜ ਸਰਕਾਰਾਂ ਦੀ ਲੇਖਾ ਰੱਖਣ ਦੀ ਵਿਧੀ ਨਿਸ਼ਚਿਤ ਕਰਦਾ ਹੈ ਅਤੇ ਰੇਲ ਅਤੇ ਸੁਰੱਖਿਆ ਵਿਭਾਗ ਤੋਂ ਇਲਾਵਾ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਹਿਸਾਬ-ਕਿਤਾਬ ਤਿਆਰ ਕਰਵਾਉਂਦਾ ਹੈ।

(ii) ਉਹ ਹਰ ਸਾਲ ਕੇਂਦਰੀ ਅਤੇ ਰਾਜ ਸਰਕਾਰਾਂ ਦੀ ਸਾਲਾਨਾ ਆਮਦਨ ਅਤੇ ਖਰਚ ਦਾ ਲੇਖਾ ਤਿਆਰ ਕਰਵਾਉਂਦਾ ਹੈ ਅਤੇ ਉਸਨੂੰ ਸੰਬੰਧਿਤ ਸਰਕਾਰਾਂ ਦੇ ਸਾਹਮਣੇ ਪੇਸ਼ ਕਰਦਾ ਹੈ।

(iii) ਕੇਂਦਰੀ ਸਰਕਾਰ ਦੇ ਆਡਿਟ ਅਤੇ ਲੇਖਾ ਆਦੇਸ਼ (Audit and Account order) ਦੇ ਅਧੀਨ ਕਿਸੇ ਵੀ ਖਾਸ ਸੰਸਥਾ ਨੂੰ ਹਿਸਾਬ ਰੱਖਣ ਵਾਸਤੇ ਆਦੇਸ਼ ਦੇ ਸਕਦਾ ਹੈ।

(iv) ਉਹ ਹਰ ਵਿੱਤੀ ਸਾਲ ਦੇ ਅੰਤ ਤੱਕ ਕੇਂਦਰ ਅਤੇ ਰਾਜਾਂ ਦੇ ਲੇਖੇ ਬਾਰੇ ਆਪਣੀ ਰਿਪੋਰਟ ਸੰਬੰਧਿਤ ਸਰਕਰਾਂ ਨੂੰ ਦਿੰਦਾ ਹੈ।

(v) ਉਹ ਹਰ ਸਾਲ ਰਾਸ਼ਟਰਪਤੀ ਨੂੰ ਆਮ ਵਿੱਤੀ ਰਿਪੋਰਟ ਪੇਸ਼ ਕਰਦਾ ਹੈ, ਜਿਸ ਵਿੱਚ ਖਰਚੇ, ਕਿੰਨਾ ਧਨ ਹੋਣਾ ਹੈ, ਕਿੰਨਾ ਧਨ ਬਾਕੀ ਹੈ ਆਦਿ ਦੇ ਸੰਬੰਧ ਵਿੱਚ ਰੋਸ਼ਨੀ ਪਾਉਂਦਾ ਹੈ।

2. ਲੇਖਾ ਪ੍ਰੀਖਿਅਕ ਦੇ ਰੂਪ ਵਿੱਚ (As an Auditor)

ਇਸ ਸਥਿਤੀ ਵਿੱਚ ਉਸਦੇ ਮੁੱਖ ਕੰਮ ਇਹ ਹਨ :

(i) ਉਹ ਆਡਿਟ ਪਰੀਖਿਅਕ ਦੇ ਰੂਪ ਵਿਚ ਕੇਂਦਰ ਅਤੇ ਰਾਜਾਂ ਦੇ ਵਿੱਤੀ ਰਿਕਾਰਡ ਦਾ ਨਿਰੀਖਣ ਕਰਦਾ ਹੈ। ਅਜਿਹਾ ਕਰਨ ਵੇਲੇ ਉਹ ਇਹ ਵੀ ਵੇਖਦਾ ਹੈ ਕਿ ਵਿਭਾਗਾਂ ਰਾਹੀਂ ਕੀਤਾ ਗਿਆ ਖਰਚ ਮਨਜ਼ੂਰ-ਸ਼ੁਦਾ ਕੰਮਾਂ ਲਈ ਕੀਤਾ ਗਿਆ ਹੈ ਜਾਂ ਨਹੀਂ ਅਤੇ ਖਰਚ ਮਨਜ਼ੂਰੀ ਤੋਂ ਜ਼ਿਆਦਾ ਤਾਂ ਨਹੀਂ ਕੀਤਾ ਗਿਆ।

(ii) ਇਸ ਸਥਿਤੀ ਵਿੱਚ ਉਹ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਦੇ ਕਰਜ਼ੇ, ਲਾਭ ਅਤੇ ਬਾਕੀ ਧਨ ਸੰਬੰਧੀ ਗੱਲਾਂ ਦਾ ਪਰੀਖਣ ਕਰਦਾ ਹੈ।

(iii) ਉਹ ਸਾਲਾਨਾ ਵਿੱਤੀ ਰਿਪੋਰਟ ਤਿਆਰ ਕਰਨ ਦੇ ਲਈ ਰਾਜਾਂ ਅਤੇ ਕੇਂਦਰੀ ਸਰਕਾਰ ਨੂੰ ਜ਼ਰੂਰੀ ਸੂਚਨਾ ਅਤੇ ਸਹਾਇਤਾ ਦਿੰਦਾ ਹੈ।

(iv) ਉਹ ਹਰ ਸਾਲ ਕੇਂਦਰ ਅਤੇ ਰਾਜ ਸਰਕਾਰਾਂ ਦੇ ਸੰਬੰਧ ਵਿੱਚ ਆਡਿੱਟ ਪਰੀਖਣ ਸੰਬੰਧੀ ਰਿਪੋਰਟ ਤਿਆਰ ਕਰਦਾ ਹੈ।[1] ਇਸ ਰਿਪੋਰਟ ਵਿੱਚ ਵਿੱਤੀ-ਲੇਖੇ ਦੇ ਠੀਕ ਅਤੇ ਗਲਤ ਹੋਣ ਬਾਰੇ ਵਿਚਾਰ ਕੀਤਾ ਜਾਂਦਾ ਹੈ। ਬੱਜਟ ਸੀਮਾ ਤੋਂ ਸੰਸਦ ਰਾਹੀਂ ਮਨਜ਼ੂਰ ਨਿਯਮਾਂ ਦੀ ਉਲੰਘਣਾ, ਕੁਵਰਤੋਂ (Misappropriation), ਗਬਨ ਆਦਿ ਦੇ ਬਾਰੇ ਵਿੱਚ ਇਸ਼ਾਰਾ ਦਿੱਤਾ ਜਾਂਦਾ ਹੈ। ਇਨ੍ਹਾਂ ਰਿਪੋਰਟਾਂ ਨੂੰ ਰਾਸ਼ਟਰਪਤੀ ਅਤੇ ਰਾਜਪਾਲਾਂ ਨੂੰ ਭੇਜਿਆ ਜਾਂਦਾ ਹੈ।ਕੇਂਦਰੀ ਰਿਪੋਰਟ ਨੂੰ ਰਾਸ਼ਟਰਪਤੀ

---

1. Art. 151

ਰਾਹੀਂ ਸੰਸਦ ਦੇ ਦੋਹਾਂ ਸਦਨਾਂ ਦੇ ਸਾਹਮਣੇ ਪੇਸ਼ ਕਰਵਾਇਆ ਜਾਂਦਾ ਹੈ।ਇਥੇ ਇਸਦਾ ਲੇਖਾ ਕਮੇਟੀ (Public Account Committee) ਰਾਹੀਂ ਪਰੀਖਣ ਕੀਤਾ ਜਾਂਦਾ ਹੈ।ਇਨ੍ਹਾਂ ਕਾਰਜਾਂ ਦੇ ਇਲਾਵਾ ਉਹ ਕੇਂਦਰੀ ਸਰਕਾਰ ਨੂੰ ਬੱਜਟ ਤਿਆਰ ਕਰਨ ਵਿੱਚ ਸਹਾਇਤਾ ਦਿੰਦਾ ਹੈ।

(v) ਉਹ ਸਰਕਾਰੀ ਨਿਗਮਾਂ, ਅਰਧ-ਸਰਕਾਰੀ ਵਪਾਰਕ ਅਦਾਰਿਆਂ ਅਤੇ ਲੋਕਾਂ (Public Undertakings) ਉੱਤੇ ਕੰਟਰੋਲ ਰੱਖਣ ਵਿੱਚ ਸਰਕਾਰ ਅਤੇ ਸੰਸਦ ਦੀ ਸਹਾਇਤਾ ਕਰਦਾ ਹੈ। ਉਹ ਇਨ੍ਹਾਂ ਅਦਾਰਿਆਂ ਦੇ ਲੇਖਾਂ ਪਰੀਖਿਆਕਾਂ ਦੀ ਨਿਯੁਕਤੀ ਕਰਦੀ ਹੈ।

(vi) ਕੰਪਟਰੋਲਰ ਅਤੇ ਆਡਿਟਰ ਜਨਰਲ ਅਤੇ ਲੋਕ ਲੇਖਾ ਕਮੇਟੀ ਕੰਪਟਰੋਲਰ ਅਤੇ ਆਡਿੱਟਰ ਜਨਰਲ ਦਾ ਇਕ ਮਹੱਤਵਪੂਰਨ ਕਾਰਜ ਇਹ ਹੈ ਕਿ ਉਹ ਸੰਸਦ ਦੇ ਲੋਕ ਸਹਾਇਕ ਦੇ ਰੂਪ ਵਿੱਚ ਕਾਰਜ ਕਰਦਾ ਹੈ। ਸੰਸਦ ਰਾਸ਼ਟਰੀ ਵਿੱਤ ਵਿਵਸਥਾ ਉੱਤੇ ਲੋਕ ਕਮੇਟੀ ਦੁਆਰਾ ਕੰਟਰੋਲ ਰੱਖਦੀ ਹੈ। ਅਤੇ ਇਹ ਕਮੇਟੀ ਕੰਪਟਰੋਲਰ ਅਤੇ ਜਨਰਲ ਆਡਿਟਰ ਦੁਆਰਾ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਉੱਤੇ ਵਿਚਾਰ ਕਰਦੀ ਹੈ। ਉਹ ਇਸ ਕਮੇਟੀ ਨੂੰ ਸਭ ਵਿੱਤੀ ਮਾਮਲਿਆਂ ਦੇ ਸੰਬੰਧ ਵਿੱਚ ਸਲਾਹ ਦਿੰਦੀ ਹੈ ਅਤੇ ਕਮੇਟੀ ਕਿਸੇ ਵਿਭਾਗ ਦੇ ਸੰਬੰਧ ਵਿੱਚ ਵੀ ਉਸਨੂੰ ਸਪੱਸ਼ਟੀਕਰਣ ਲਈ ਕਹਿ ਸਕਦੀ ਹੈ।ਜੇਕਰ ਵਿਭਾਗ ਦੇ ਸੰਬੰਧ ਵਿੱਚ ਕੰਪਟਰੋਲਰ ਅਤੇ ਆਡਿਟਰ ਜਨਰਲ ਨੇ ਆਪਣੀ ਰਿਪੋਰਟ ਵਿੱਚ ਆਲੋਚਨਾਤਮਕ ਸੰਕੇਤ ਕੀਤਾ ਹੋਵੇ ਤਾਂ ਲੋਕ ਲੇਖਾ ਕਮੇਟੀ ਉਸਦੀ ਜਾਂਚ ਕਰਦੀ ਹੈ ਅਤੇ ਉਸ ਵਿਭਾਗ ਦੇ ਉੱਚ-ਅਧਿਕਾਰੀਆਂ ਨੂੰ ਸਪੱਸ਼ਟੀਕਰਣ ਲਈ ਬੁਲਾ ਸਕਦੀ ਹੈ, ਅਜਿਹੀ ਸਥਿਤੀ ਵਿੱਚ ਉਹ ਕਮੇਟੀ ਵਲੋਂ ਉਨ੍ਹਾਂ ਅਧਿਕਾਰੀਆਂ ਕੋਲੋਂ ਸਵਾਲ ਪੁੱਛ ਸਕਦਾ ਹੈ।ਅਸਲ ਵਿੱਚ ਲੋਕ ਲੇਖਾ ਕਮੇਟੀ ਦੀ ਸਫਲਤਾ ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ ਅਤੇ ਸਲਾਹ ਤੇ ਹੀ ਨਿਰਭਰ ਕਰਦੀ ਹੈ ਅਤੇ ਉਸ ਦੀ ਰਿਪੋਰਟ ਹੀ ਸੰਸਦ ਦੁਆਰਾ ਦੇਸ਼ ਦੀ ਵਿੱਤੀ ਸਥਿਤੀ ਉੱਤੇ ਕੰਟਰੋਲ ਕਾਇਮ ਕਰਨ ਦੇ ਮਹੱਤਵਪੂਰਨ ਸਾਧਨ ਹੈ। ਪੀਲੇ (Pylee) ਦੇ ਸ਼ਬਦਾਂ ਵਿੱਚ ਪਰੀਖਣ ਰਾਸ਼ਟਰ ਦੀ ਵਿੱਤ ਵਿਵਸਥਾ ਦਾ ਰਖਵਾਲਾ ਹੈ ਅਤੇ ਕੰਪਟਰੋਲਰ ਤੇ ਆਡਿਟਰ ਜਨਰਲ ਸੰਸਦ ਦੇ ਆਧਾਰ ਤੇ ਸਰਕਾਰ ਦੇ ਵਿੱਤੀ ਕਾਰਜਾਂ ਦਾ ਨਿਰੀਖਣ ਕਰਦਾ ਹੈ।[1]

ਕੰਪਟਰੋਲਰ ਤੇ ਆਡਿਟਰ ਜਨਰਲ ਦੇ ਕਾਰਜਾਂ ਨੂੰ ਵੇਖ ਕੇ, ਇਹ ਮਾਲੂਮ ਹੁੰਦਾ ਹੈ ਕਿ ਉਹ ਅਸਲ ਵਿੱਚ ਸੰਸਦ ਅਤੇ ਜਨਤਾ ਦੇ ਪ੍ਰਤੀਨਿਧ ਦੇ ਰੂਪ ਵਿੱਚ ਦੇਸ਼ ਦੀ ਵਿੱਤੀ ਵਿਵਸਥਾ ਉੱਤੇ ਕੰਟਰੋਲ ਕਰਦਾ ਹੈ। ਇਸ ਲਈ ਦੇਸ਼ ਦੇ ਆਡਿਟਰ ਜਨਰਲ ਨੂੰ ਲੋਕ ਵਿੱਤ (Public Purse) ਦਾ ਰਖਵਾਲਾ ਕਹਿ ਸਕਦੇ ਹਾਂ।

ਲੇਖਾ ਅਤੇ ਲੇਖਾ ਪਰੀਖਣ ਨੂੰ ਅਲੱਗ ਕਰਨਾ
(Separation of Accounts and Audit)

ਭਾਰਤ ਵਿੱਚ ਲੇਖਾ ਅਤੇ ਲੇਖਾ ਪਰੀਖਣ ਦੋਵੇਂ ਤਰ੍ਹਾਂ ਦੇ ਕਾਰਜ ਇਕ ਹੀ ਏਜੰਸੀ ਕੋਲ ਭਾਵ ਕੰਪਟਰੋਲਰ ਅਤੇ ਆਡਿਟਰ ਜਨਰਲ ਕੋਲ ਸਨ। ਇਹ ਪ੍ਰਣਾਲੀ ਦੋਸ਼ ਪੂਰਣ ਹੈ ਸੰਸਦੀ ਪ੍ਰਣਾਲੀ ਦੇ ਵਿਰੁੱਧ ਹੈ। ਆਲੋਚਕਾਂ ਦਾ ਮੱਤ ਹੈ ਕਿ ਭਾਰਤੀ ਸੰਵਿਧਾਨ ਦੁਆਰਾ ਦੇਸ਼ ਦੀ ਵਿੱਤੀ ਵਿਵਸਥਾ ਉੱਤੇ ਕੰਟਰੋਲ ਰੱਖਣ ਦੀ ਸਭ ਤੋਂ ਉੱਚੀ ਸਤਾ ਸੰਸਦ ਨੂੰ ਪ੍ਰਦਾਨ ਕੀਤੀ ਗਈ ਹੈ। ਇਸ ਲਈ ਲੇਖਾ ਅਤੇ ਪਰੀਖਣ ਦੋਹਾਂ ਸ਼ਕਤੀਆਂ ਨੂੰ ਕੰਪਟਰੋਲਰ ਅਤੇ ਆਡਿਟਰ ਜਨਰਲ ਦੇ ਹੱਥ ਵਿੱਚ ਦੇਣਾਂ ਸੰਵਿਧਾਨਿਕ ਨਹੀਂ ਹੈ। ਸੰਸਦ ਤਾਂ ਹੀ ਰਾਸ਼ਟਰੀ ਵਿੱਤ ਉੱਤੇ ਪ੍ਰਭਾਵਸ਼ਾਲੀ ਕੰਟਰੋਲ ਕਰ ਸਕਦੀ ਹੈ, ਜਦੋਂ ਹਰ ਇਕ ਵਿਭਾਗ ਦੇ ਲੇਖੇ (Accounts) ਉਸ ਵਿਭਾਗ ਦੇ ਅਧਿਕਾਰੀਆਂ ਦੁਆਰਾ ਤਿਆਰ ਕੀਤੇ ਜਾਣ ਅਤੇ ਉਨ੍ਹਾਂ ਦੇ ਲੇਖੇ ਪਰੀਖਣ ਦਾ ਕਾਰਜ ਇਕ ਸੁਤੰਤਰ ਅਤੇ ਵੱਖਰੇ ਵਿਭਾਗ ਦੁਆਰਾ ਕੀਤਾ ਜਾਵੇ, ਜੋ ਸੰਸਦ ਦੇ ਆਧਾਰ ਤੇ ਪਰੀਖਣ ਕਰੇ ਅਤੇ ਆਪਣੀ ਰਿਪੋਰਟ ਸੰਸਦ ਨੂੰ ਪੇਸ਼ ਕਰੇ। ਪਰ, ਉਸਦਾ ਖਰਚ ਕਰਨ ਵਾਲੇ

1. "Audit is the watch-dog of the finances of the nation and the Comptroller and the Auditor General is the Supreme overseer of the Government's financial activities on behalf of Parliament." *-Pylee, M.V., India Constitution, p.349*

ਲੇਖਾ ਤਿਆਰ ਕਰਨ ਵਾਲੇ ਭਾਗ ਨਾਲ ਕੋਈ ਸੰਬੰਧ ਨਾ ਹੋਵੇ।

ਭਾਰਤ ਵਿੱਚ ਕੰਪਟਰੋਲਰ ਅਤੇ ਆਡਿਟਰ ਜਨਰਲ ਕੋਲ ਲੇਖਾ ਅਤੇ ਲੇਖਾ ਪਰੀਖਣ ਦੇ ਦੋਵੇਂ ਕਾਰਜਾਂ ਨੂੰ ਰੱਖੇ ਜਾਣ ਦੇ ਵਿਰੁੱਧ ਸਮੇਂ-ਸਮੇਂ ਤੇ ਕਈ ਕਮੇਟੀਆਂ ਅਤੇ ਵਿੱਤੀ ਖੇਤਰ ਦੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਕੰਪਟਰੋਲਰ ਅਤੇ ਆਡਿਟਰ ਜਨਰਲ ਦੀਆਂ ਸ਼ਕਤੀਆਂ ਵਿੱਚੋਂ ਲੇਖਾਂ ਸ਼ਕਤੀਆਂ ਨੂੰ ਅਲੱਗ ਕਰਨ ਲਈ ਹੇਠ ਲਿਖੇ ਤਰਕ ਦਿੱਤੇ ਜਾਂਦੇ ਹਨ :

1. ਲੇਖਾ ਬੁਨਿਆਦੀ ਤੌਰ ਤੇ ਕਾਰਜਪਾਲਿਕਾ ਦਾ ਕੰਮ ਹੈ, ਇਸਨੂੰ ਵਿਭਾਗ ਦੇ ਕਾਰਜਾਕਾਰੀ ਮੁੱਖੀ (Executive Head) ਦੇ ਕੰਟਰੋਲ ਵਿੱਚ ਹੋਣਾ ਚਾਹੀਦਾ ਹੈ। ਲੇਖਾ ਅਤੇ ਲੇਖਾ ਪਰੀਖਣ ਦੋਹਾਂ: ਦਾ ਏਕੀਕਰਣ ਉਚਿਤ ਨਹੀਂ ਹੈ।
2. ਦੋਹਾਂ ਦੇ ਅਲੱਗ ਹੋਣ ਨਾਲ ਲੇਖਿਆਂ ਦੀ ਜ਼ਿੰਮੇਵਾਰੀ ਲੈਣ-ਦੇਣ ਕਰਨ ਵਾਲੇ ਵਿਭਾਗ ਉੱਤੇ ਆ ਜਾਂਦੀ ਹੈ।
3. ਇਸ ਦੇ ਨਾਲ ਤਰੁੱਟੀਆਂ ਅਤੇ ਨਿਯਮ ਵਿਰੁੱਧ ਕਾਰਜਾਂ (Anomalous Act) ਨਾਲ ਸੰਬੰਧਿਤ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਹਿਆ ਜਾ ਸਕਦਾ ਹੈ।
4. ਵਰਤਮਾਨ ਵਿਵਸਥਾ ਵਿੱਚ ਗਬਨ ਅਤੇ ਭ੍ਰਿਸ਼ਟਾਚਾਰ ਦੀ ਜ਼ਿਆਦਾ ਸੰਭਾਵਨਾ ਹੈ, ਕਿਉਂਕਿ ਇਕ ਹੀ ਏਜੰਸੀ ਖਰਚ ਕਰਨ ਦੀ ਮਨਜ਼ੂਰੀ ਦਿੰਦੀ ਹੈ ਅਤੇ ਉਹ ਹੀ ਏਜੰਸੀ ਉਸਦੀ ਜਾਂਚ ਕਰਦੀ ਹੈ।

ਲੇਖਾ ਸੰਬੰਧੀ ਕਾਰਜ ਦੇ ਵੱਖਰਿਆਂ ਹੋ ਜਾਣ ਤੇ ਲੇਖਾ ਪਰੀਖਣ ਦੇ ਕਾਰਜ ਨੂੰ ਜ਼ਿਆਦਾ ਨਿਪੁੰਨਤਾ ਨਾਲ ਕੀਤਾ ਜਾ ਸਕੇਗਾ।ਇਸ ਨਾਲ ਬੱਜਟ ਅਤੇ ਸੋਧ ਅਨੁਮਾਨ (Revised Estimate) ਤਿਆਰ ਕਰਨਾ ਜ਼ਿਆਦਾ ਆਸਾਨ ਹੋ ਜਾਵੇਗਾ।

ਉਪਰੋਕਤ ਤਰਕਾਂ ਨੂੰ ਸਾਹਮਣੇ ਰੱਖਦੇ ਹੋਏ ਭਾਰਤ ਦੇ ਰਾਸ਼ਟਰਪਤੀ ਨੇ ਪਹਿਲੀ ਮਾਰਚ, 1976 ਨੂੰ ਵਿਸ਼ੇਸ਼ ਆਰਡੀਨੈਂਸ (Ordinance) ਜਾਰੀ ਕੀਤੇ, ਜਿਨ੍ਹਾਂ ਦੇ ਦੁਆਰਾ ਲੇਖਾ ਅਤੇ ਲੇਖਾ-ਪਰੀਖਣ ਦੇ ਕਾਰਜਾਂ ਨੂੰ ਅਲੱਗ ਕਰਨ ਦੀ ਵਿਵਸਥਾ ਕੀਤੀ ਗਈ ਹੈ।[1] ਇਨ੍ਹਾਂ ਆਰਡੀਨੈਂਸਾਂ ਵਿੱਚੋਂ ਇਕ ਦੇ ਅਨੁਸਾਰ ਕੰਪਟਰੋਲਰ ਅਤੇ ਆਡਿਟਰ ਜਨਰਲ ਦੇ ਕਰਤੱਵਾਂ ਅਤੇ ਸੇਵਾ ਦੀਆਂ ਸ਼ਰਤਾਂ ਐਕਟ (Comptroller and Auditior General Duties, Powers, Conditions of Service Act) ਦੇ ਸੈਕਸ਼ਨ 10(1) ਦੀ ਪਹਿਲੀ ਧਾਰਾ ਵਿੱਚ ਸੋਧ ਕਰਕੇ ਕੰਪਟਰੋਲਰ ਅਤੇ ਆਡਿਟਰ ਜਨਰਲ ਨੂੰ ਸੰਘੀ ਅਤੇ ਰਾਜ ਸਰਕਾਰਾਂ ਦੇ ਲੇਖਿਆਂ ਵਿੱਚ ਵਿਭਾਗੀ ਲੇਖਿਆਂ (Departmental Accounts) ਦੀ ਵਿਵਸਥਾ ਕੀਤੀ ਗਈ ।ਦੂਜੇ ਆਰਡੀਨੈਂਸ ਦੁਆਰਾ ਲੇਖਾ ਪਰੀਖਣ ਤੇ ਲੇਖਾ ਵਿਭਾਗ ਦੇ ਕਰਮਚਾਰੀਆਂ ਨੂੰ ਇਕ ਦੂਜੇ ਵਿੱਚ ਤਬਦੀਲ ਕਰਨ ਦੀ ਸ਼ਕਤੀ ਸਰਕਾਰ ਨੂੰ ਪ੍ਰਦਾਨ ਕੀਤੀ ਗਈ। ਇਨ੍ਹਾਂ ਆਰਡੀਨੈਂਸਾਂ ਨੂੰ ਸਥਾਈ ਰੂਪ ਦੇਣ ਲਈ 23 ਮਾਰਚ, 1976 ਨੂੰ Comptroller and Auditor General's (Duties, Power and Condition of Service) Amendment Bill ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ।ਅਪ੍ਰੈਲ 1976 ਵਿੱਚ ਸੰਸਦ ਨੇ ਇਸ ਬਿਲ ਨੂੰ ਪਾਸ ਕਰ ਦਿੱਤਾ, ਜਿਸ ਦੇ ਆਧਾਰ ਤੇ ਲੇਖਾ ਅਤੇ ਲੇਖਾ-ਪਰੀਖਣ ਨੂੰ ਅਲੱਗ ਕਰ ਦਿੱਤਾ ਗਿਆ ਹੈ।[2]

---

1. The first ordinance amends the provision of Section 10(1) of the Comptroller and Auditor General's (Duties, Power and Conditions of Service) Act so that it would be possible to relieve the Comptroller and Auditor General of the responsibility for compiling the accounts of the Union either at one or by stages.
2. The amendment has become necessary as under the existing provision the Auditor General may be relieved of the accounting responsibility for a particular services department.
Similar powers been taken in the ordinance in regard to the accounts of the State Government. The Governor of a State with the prior approval of the President, may relieve Comptroller and Auditor General of his responsibility for the compiling the entire accounts of the State Government either of once or by stages. The second ordinance provides that it will be lawful for the government to transfer officers and employees working in Indian Audit and Accounts Department. The Government will be assisted in the task by one or more advisory Committee.

— The Tribune, 2nd March, 1976

ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਸਥਿਤੀ ਅਤੇ ਉਸਦਾ ਮੁੱਲ-ਅੰਕਣ
(Evaluation and the Position of the Comptroller and Auditor General)

ਭਾਰਤ ਦੀ ਸਾਸ਼ਨ ਵਿਵਸਥਾ ਵਿੱਚ ਕੰਪਟਰੋਲਰ ਅਤੇ ਆਡਿਟਰ ਜਨਰਲ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।ਉਹ ਸੰਸਦ ਅਤੇ ਜਨਤਾ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਦੇਸ਼ ਦੀ ਵਿੱਤ ਵਿਵਸਥਾ ਉੱਤੇ ਕੰਟਰੋਲ ਰੱਖਦਾ ਹੈ। ਉਸ ਨੂੰ ਸੰਘ ਦੀ (Extension) ਜਾਂ ਲੋਕ ਲੇਖਾ ਕਮੇਟੀ ਦਾ ਕਾਰਜਸ਼ੀਲ ਹੱਥ ਕਿਹਾ ਜਾਂਦਾ ਹੈ। ਜੇਕਰ ਉਸ ਨੂੰ ਦੇਸ਼ ਧਨ-ਦੌਲਤ ਦਾ ਰਖਵਾਲਾ ਕਿਹਾ ਜਾਵੇ ਤਾਂ ਵੀ ਅਨੁਚਿਤ ਨਹੀਂ ਹੋਵੇਗਾ। ਸ੍ਰੀ ਅਸ਼ੋਕ ਚੰਦਾ ਦੇ ਸ਼ਬਦਾਂ ਵਿੱਚ , "ਕੰਪਟਰੋਲਰ ਅਤੇ ਆਡਿਟਰ ਜਨਰਲ ਜਨਤਾ ਦੇ ਪਰਸ ਦਾ ਰਖਵਾਲਾ ਹੈ।"

ਐਪਲਬੀ (Appleby) ਦੇ ਵਿਚਾਰ ਅਨੁਸਾਰ ਸਰਕਾਰੀ ਕਰਮਚਾਰੀ ਕੋਈ ਵੀ ਨਿਰਣਾ ਕਰਨ ਦੀ ਜ਼ਿੰਮੇਵਾਰੀ ਤੋਂ ਕਤਰਾਉਂਦੇ ਹਨ। ਇਹ ਸੱਚ ਹੈ ਕਿ ਕਰਮਚਾਰੀਆਂ ਨੂੰ ਨਿਰਣੇ ਕਰਨ ਵਿੱਚ ਦੇਰੀ ਲੱਗਦੀ ਹੈ, ਪਰ ਕੰਪਟਰੋਲਰ ਅਤੇ ਆਡਿਟਰ ਜਨਰਲ ਦੇ ਕਾਰਨ ਕਰਮਚਾਰੀਆਂ ਨੂੰ ਕੋਈ ਵੀ ਨਿਰਣਾ ਲੈਣ ਤੋਂ ਪਹਿਲਾਂ ਬਹੁਤ ਸਾਵਧਾਨ ਰਹਿਣਾ ਪੈਂਦਾ ਹੈ। ਜਨਤਾ ਅਤੇ ਸੰਸਦ ਇਸ ਲਈ ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ ਨੂੰ ਜ਼ਿਆਦਾ ਮਹੱਤਵ ਦਿੰਦੀ ਆਂ ਹਨ ਕਿਉਂਕਿ ਇਹ ਹੀ ਸਿਰਫ ਇਕ ਮਾਤਰ ਸਾਧਨ ਹੈ, ਜਿਸ ਦੇ ਦੁਆਰਾ ਰਾਸ਼ਟਰੀ ਵਿੱਤ ਅਤੇ ਸਰਕਾਰ ਦੇ ਵਿੱਤੀ ਕਾਰਜਾਂ ਉੱਤੇ ਕੰਟਰੋਲ ਕੀਤਾ ਜਾਂਦਾ ਹੈ।

ਲੇਖਾ ਪਰੀਖਿਅਕ ਕਲਿਆਣਕਾਰੀ ਰਾਜਾਂ ਦੇ ਕਾਰਜਾਂ ਨੂੰ ਠੀਕ ਢੰਗ ਨਾਲ ਕਰਨ ਵਿੱਚ ਸਹਾਇਤਾ ਦਿੰਦਾ ਹੈ। ਇਸ ਨੂੰ ਕਾਰਜ ਕਰਦੇ ਸਮੇਂ ਕਈ ਵਾਰ ਤਕਨੀਕੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਰੁਕਾਵਟਾਂ ਕਾਰਜ ਕਰਨ ਵਾਲਿਆਂ ਨੂੰ ਪਹਿਲਾਂ ਹੀ ਸਾਵਧਾਨੀ ਨਾਲ ਕਰਨ ।ਸ੍ਰੀ ਅਸ਼ੋਕ ਚੰਦਾ ਦੇ ਸ਼ਬਦਾਂ ਵਿੱਚ, "ਸਾਰੇ ਮਾਨਤਾ ਪ੍ਰਾਪਤ ਲੋਕਤੰਤਰੀ ਦੇਸ਼ਾਂ ਵਿੱਚ ਲੇਖਾ-ਪਰੀਖਣ ਜ਼ਰੂਰੀ ਬੁਰਾਈ (Necessary Evil) ਸਮਝ ਕੇ ਹੀ ਸਹਿਣ ਨਹੀਂ ਹੁੰਦਾ, ਬਲਕਿ ਉਹ ਕੀਮਤੀ ਦੋਸਤ ਸਮਝਿਆ ਜਾਂਦਾ ਹੈ" ਤਕਨੀਕੀ ਅਤੇ ਅਨਿਯਮਤ ਕਾਰਜਾਂ ਅਤੇ ਭੁੱਲਾਂ , ਜੋ ਅਸਾਵਧਾਨੀ ਅਤੇ ਭ੍ਰਿਸ਼ਟਾਚਾਰ ਦੇ ਰੂਪ ਵਿੱਚ ਮਿਲਦੀਆਂ ਹਨ, ਉਨ੍ਹਾਂ ਵੱਲ ਕੰਪਟਰੋਲਰ ਅਤੇ ਆਡਿਟਰ ਜਨਰਲ ਸੰਸਦ ਅਤੇ ਜਨਤਾ ਦਾ ਧਿਆਨ ਖਿੱਚਦਾ ਹੈ।[1]

ਭਾਰਤੀ ਸੰਵਿਧਾਨ ਵਿੱਚ ਸੀ ਐਂਡ ਏ ਜੀ (C.A.G.) ਨੂੰ ਜਿਹੜੀਆਂ ਸ਼ਕਤੀਆਂ ਦਿੱਤੀਆਂ ਗਈਆ ਹਨ, ਉਹ ਅਦੁਤੀ ਨਹੀਂ ਬਲਕਿ ਦੂਜੇ ਸੰਸਦੀ ਲੋਕਤੰਤਰ ਵਿੱਚ ਵੀ ਆਮ ਤੌਰ ਤੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਇਥੋਂ ਇਸ ਦੀ ਸਭ ਤੋਂ ਚੰਗੀ ਗੱਲ ਇਹ ਹੈ ਕਿ ਪ੍ਰਸ਼ਾਸਨ ਨਾਲੋਂ ਉਸ ਦਾ ਸੰਬੰਧ ਇੱਛਤ ਨਹੀਂ ਹੈ। ਦੂਜੇ ਦੇਸ਼ਾਂ ਵਿੱਚ ਲੇ ਖਾ ਪੜਤਾਲ ਨੂੰ ਇਕ ਲਾਜ਼ਮੀ ਬੁਰਾਈ ਵਜੋਂ ਨਹੀਂ ਸਹਿਣ ਕੀਤਾ ਜਾਂਦਾ ਬਲਕਿ ਉਸ ਨੂੰ ਚੰਗੇ ਮਿੱਤਰ ਦੀ ਤਰ੍ਹਾਂ ਮੰਨਿਆ ਜਾਂਦਾ ਹੈ।

ਦੂਜੇ ਪਾਸੇ ਲੇਖਾ ਪੜਤਾਲ ਦਾ ਅਜੋਕੇ ਸਮੇਂ ਦ੍ਰਿਸ਼ਟੀਕੋਣ ਵੀ ਬਦਲਣਾ ਚਾਹੀਦਾ ਹੈ, ਕਿਉਂਕਿ ਅਤੀਤ ਕਾਲ ਵਿੱਚ ਲੇਖਾ ਪੜਤਾਲ ਨੇ ਪ੍ਰਸ਼ਾਸਨ ਤੋਂ ਵੱਖ ਰਹਿ ਕੇ ਕੰਮ ਕੀਤਾ ਹੈ ਅਤੇ ਦੋਹਾਂ ਨੇ ਇਕ ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਲੇਖਾ ਪੜਤਾਲ ਦਾ ਉਦੇਸ਼ ਪ੍ਰਸ਼ਾਸਨ ਦੀ ਪੋਲ ਖੋਲ੍ਹਣ ਤੱਕ ਹੀ ਸੀਮਿਤ ਹੈ। ਜਿਹੜੇ ਪ੍ਰੋਜੈਕਟਾਂ, ਯੋਜਨਾਵਾਂ ਨੂੰ ਕੁਸ਼ਲਤਾ ਪੂਰਵਕ ਲਾਗੂ ਕਰਨਾ ਹੁੰਦਾ ਹੈ, ਉਹਨਾਂ ਸੰਬੰਧੀ ਤਕਨੀਕੀ ਰੁਕਾਵਟਾਂ ਪੈਦਾ ਹੋ ਜਾਦੀਆਂ ਹਨ।

ਇਹ ਸਪੱਸ਼ਟ ਹੈ ਕਿ ਗਲਤ ਵਿਹਾਰਾਂ ਅਤੇ ਬੇਨਿਯਮਿਤੀਆਂ ਨੂੰ ਰੋਕਣ ਲਈ ਲੇਖਾ ਪੜਤਾਲ ਅਤੇ ਪ੍ਰਸ਼ਾਸਨ ਨੂੰ ਨੇੜੇ ਲਿਆਉਣ ਦੇ ਲਈ ਨਵੇਂ ਅਤੇ ਸਕਾਰਆਤਮਕ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੈ। ਸੀ. ਐਂਡ. ਏ. ਜੀ. (C.A.G) ਦੀ ਸ਼ਕਤੀ, ਸਥਿਤੀ ਅਤੇ ਯੋਗਦਾਨ ਬਾਰੇ ਵਿਚਾਰ ਕਰਨ ਤੋਂ ਬਾਅਦ ਨਤੀਜੇ ਵਜੋਂ ਅਸ਼ੋਕ ਚੰਦਾ ਦੇ ਸ਼ਬਦਾਂ ਅਨੁਸਾਰ ਹੁਣ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸੀ. ਐਂਡ.ਏ. ਜੀ.ਦੀ ਸੰਵਿਧਾਨਕ ਜਾਂ ਕਾਨੂੰਨੀ ਸਥਿਤੀ ਭਾਵੇਂ ਕੁਝ ਵੀ ਹੋਵੇ, ਪ੍ਰੰਤੂ ਉਸ ਦੇ ਕੰਮਾ ਨੂੰ ਘੱਟ ਕਰਨਾ ਰਾਸ਼ਟਰੀ ਵਿੱਤ ਉੱਤੇ ਸੰਸਦੀ ਨਿਯੰਤਰਣ ਲਈ ਇਕ ਲਾਪਰਵਾਹੀ ਉਦੇਸ਼ ਹੋਵੇਗਾ। ਜਨ-ਲੇਖਾ ਕਮੇਟੀ ਵਿੱਚ ਵੀ CAG ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਹ ਉਸ

"In all recognised democracies audit is not just tolerated as a necessary evil, but it is looked upon as a valued alley." Ashok Chanda, Indian Administration, p. 251.

ਦਾ ਸਲਾਹਕਾਰ ਹੈ, ਵਕਤਾ ਹੈ ਅਤੇ ਰਾਜਨੀਤੀਕਰਤਾ ਤੇ ਪ੍ਰਸ਼ਾਸਕਾਂ ਵਿੱਚ ਕੜੀ ਦਾ ਕੰਮ ਕਰਦਾ ਹੈ।ਉਹ ਕਮੇਟੀ ਦੀ ਸਰਕ੍ਰਿਆ ਤੋਂ ਸਿੱਖਰ ਤੇ ਹੈ। ਉਸ ਨੂੰ ਕਮੇਟੀ ਦਾ ਮਾਰਗ-ਦਰਸ਼ਕ, ਦਾਰਸ਼ਨਿਕ ਅਤੇ ਮਿੱਤਰ ਮੰਨਿਆ ਜਾਂਦਾ ਹੈ ।ਜਨ ਲੇਖਾ ਾਕਮੇਟੀ ਮਹਾਂ-ਲੇਖਾ ਪਰੀਖਿਆਕ ਦੀ ਰਿਪੋਰਟ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦਾ ਹੈ ਦੇਸ਼ ਦੇ ਵਿੱਤੀ ਪ੍ਰਸ਼ਾਸਨ ਨੂੰ ਨਿਯੰਤਰਿਤ ਕਰਨ ਵਿੱਚ ਨਿਯੰਤਰਕ ਅਤੇ ਮਹਾਂਲੇਖਾ ਦਾ ਪਰੀਖਿਅਕ ਦੀ ਭੂਮਿਕਾ ਵਧੇਰੇ ਪ੍ਰਭਾਵਸ਼ਾਲੀ ਹੈ।

ਸਿੱਟਾ (Conclusion) :

ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾ ਕਿ ਭਾਰਤੀ ਪ੍ਰਸ਼ਾਸਨ ਵਿਚ ਸੁਯੋਗਤਾ, ਨਿਪੁੰਨਤਾ ਅਤੇ ਇਮਾਨਦਾਰੀ ਨੂੰ ਕਾਇਮ ਰੱਖਣ ਲਈ ਕੰਪਟਰੋਲਰ ਅਤੇ ਆਡਿਟਰ ਜਨਰਲ ਦਾ ਹੋਣਾ ਲਾਜ਼ਮੀ ਹੈ।ਉਸ ਦੇ ਕਾਰਜਾਂ ਅਤੇ ਕਾਰਜ ਕਰਨ ਦੀ ਵਿਧੀ ਵਿੱਚ ਦੇਸ਼ ਦੀ ਆਰਥਿਕ ਸਥਿਤੀ, ਸਮਾਜਿਕ ਉਦੇਸ਼ ਅਤੇ ਪ੍ਰਗਤੀਸ਼ੀਲ ਯੋਜਨਾਵਾਂ ਦੇ ਅਨੁਰੂਪ ਕੁਝ ਪਰਿਵਰਤਨਾਂ ਦੀ ਲੋੜ ਹੈ। ਉਸ ਦੇ ਬਿਨ੍ਹਾਂ ਜ਼ਿੰਮੇਵਾਰੀ ਅਤੇ ਜਵਾਬਦੇਹ ਸੰਸਦੀ ਪ੍ਰਣਾਲੀ ਦਾ ਸਫਲ ਹੋਣਾ ਸੰਭਵ ਨਹੀਂ ਹੈ ਅਤੇ ਨਾ ਹੀ ਰਾਸ਼ਟਰੀ ਵਿੱਤ ਦੀ ਰਖਵਾਲੀ ਕੀਤੀ ਜਾ ਸਕਦੀ ਹੈ।

ਪਾਠ ਨੰ: 2.5 ਲੇਖਕ : ਐਸ.ਐਸ.ਜੰਜੂਆਂ

ਕੇਂਦਰ-ਰਾਜ ਦਰਮਿਆਨ ਵਿੱਤੀ ਸੰਬੰਧ

"ਵਿੱਤ ਹਰ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ।" ਕੋਈ ਵੀ ਸਰਕਾਰ ਉਚਿਤ ਵਿੱਤ ਤੋਂ ਬਿਨਾਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਹੀਂ ਨਿਭਾ ਸਕਦੀ। ਐਸ. ਪੀ. ਆਇਰ ਦੇ ਕਥਨ ਅਨੁਸਾਰ ਸਰਕਾਰ ਲਈ ਧਨ ਇੰਨੀ ਬੁਨਿਆਦੀ ਚੀਜ਼ ਹੈ ਕਿ ਰਾਜ ਦੇ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਅੰਗ ਨੂੰ ਪ੍ਰਭਾਵਿਤ ਕਰਨ ਦੀ ਲੋੜ ਹੈ। ਹੁਣ ਇਸ ਵਿਚ ਇਲਾਕਾ, ਲੋਕ ਪ੍ਰਭੁਸਤਾ, ਸੰਗਠਨ ਤੇ ਵਿੱਤੀ ਸਾਧਨ ਸ਼ਾਮਿਲ ਹਨ।" ਵਿੱਤ ਸਰਕਾਰ ਦੀ ਪਹਿਲੀ ਲੋੜ ਹੈ ਭਾਵੇਂ ਸਰਕਾਰ ਏਕਾਤਮਕ ਹੋਵੇ ਜਾਂ ਸੰਘੀ। ਸੰਘੀ ਰਾਜ ਵਿਚ ਵਿੱਤ ਦੀਆਂ ਕੁਝ ਵਿਸ਼ੇਸ਼ ਸਮੱਸਿਆਵਾਂ ਸਦਾ ਹੀ ਬਣੀਆਂ ਰਹਿੰਦੀਆਂ ਹਨ। ਸੰਘੀ ਪ੍ਰਣਾਲੀ ਵਿਚਕਾਰ ਸਰਕਾਰ ਦੇ ਦੋ ਪੱਧਰਾਂ ਤੇ ਸ਼ਕਤੀਆਂ ਵੰਡੀਆਂ ਹੁੰਦੀਆਂ ਹਨ ਇਸ ਕਰਕੇ ਇਹ ਕੁਦਰਤੀ ਗੱਲ ਹੈ ਕਿ ਸਰਕਾਰ ਦੇ ਦੋ ਸੋਪਾਨਾਂ ਪਾਸ ਸੁਤੰਤਰ ਵਿੱਤ ਸਾਧਨ ਹੋਣ ਤਾਂ ਜੋ ਉਨਾਂ ਦੇ ਪੂਰਣ ਰੂਪ ਵਿਚ ਆਪਣੇ ਕਾਰਜਾਂ ਨੂੰ ਨਿਭਾਉਣ ਲਈ ਕਾਫੀ ਹੋਣ। ਅਮਰੀਕੀ ਸੰਵਿਧਾਨ ਦੇ ਇਕ ਜਨਮਦਾਤਾ ਅਲੈਗਜ਼ੇਂਡਰ ਹੈ ਮਿਲਟਨ ਨੇ ਫੰਡਰੇਸ਼ਨ ਵਿਚ ਰਾਸ਼ਟਰੀ ਅਤੇ ਸਥਾਨਕ ਸਰਕਾਰਾਂ ਵਿਚ ਵਿੱਤ ਸੰਬੰਧਾਂ ਬਾਰੇ ਸਿਧਾਂਤ ਨੂੰ ਇਨ੍ਹਾਂ ਸ਼ਬਦਾ ਵਿਚ ਬਿਆਨ ਕੀਤਾ ਹੈ। ਇਹ ਗੱਲ ਇੰਨੀ ਜ਼ਰੂਰੀ ਹੈ ਕਿ ਰਾਜ ਸਰਕਾਰਾਂ ਆਪਣੀਆਂ ਲੋੜਾਂ ਦੀ ਪੂਰਤੀ ਸਾਧਨਾਂ ਤੇ ਕੰਟਰੋਲ ਕਰਨ ਦੇ ਯੋਗ ਹੋਣੀਆਂ ਚਾਹੀਦੀਆਂ ਹਨ, ਜਿੰਨੀ ਕਿ ਇਹ ਜ਼ਰੂਰੀ ਹੈ ਕਿ ਰਾਸ਼ਟਰੀ ਸਰਕਾਰ ਸੰਘ ਦੀਆਂ ਲੋੜਾਂ ਸਬੰਧੀ ਇਸ ਪ੍ਰਕਾਰ ਦੀ ਸ਼ਕਤੀ ਰੱਖਦੀ ਹੋਵੇ। ਪਰੰਤੂ ਅਸਲੀ ਰੂਪ ਵਿਚ ਸਾਧਨਾਂ ਸੰਬੰਧੀ ਕਾਰਜਾਂ ਵਿਚ ਸੰਤੁਲਨ ਪੈਦਾ ਕਰਨਾ ਬਹੁਤ ਔਖਾ ਹੈ। ਇਹ ਸੰਭਵ ਨਹੀਂ ਕਿ ਦੋਵਾ ਦੇ ਸਾਧਨ ਅਤੇ ਕਾਰਜ ਇਕੱਠੇ ਹੀ ਵਿਸਤ੍ਰਿਤ ਹੋਣ ਅਤੇ ਸੰਕੁਚਿਤ ਹੋਣ ਅਤੇ ਹਰ ਇਕ ਖੁਸ਼ੀ ਖੁਸ਼ੀ ਦੂਜੇ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਲਵੇ। ਫੰਡਰੇਸ਼ਨ ਵਿਚ ਇਹ ਇਕ ਸਦੀਵੀ ਦੁਬਿਧਾ ਹੈ। ਐਸ.ਪੀ.ਆਇਰ ਆਖਦਾ ਹੈ ਕਿ ਫੇਡਰੇਸ਼ਨ ਵਿਚ ਵਿੱਤੀ ਪ੍ਰਣਾਲੀ ਦੀ ਪੂਰਨਤਾ ਨੂੰ ਇਕ ਦੂਹਰੀ ਕਸਵੱਟੀ ਨਾਲ ਪਰਖਿਆ ਜਾ ਸਕਦਾ ਹੈ। ਇਕ ਪਾਸੇ ਤਾਂ ਇਸ ਸੁਤੰਤਰਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਇਹ ਉਚਿਤ ਮਾਤਰਾ ਵਿਚ ਹੋਣੀ ਚਾਹੀਦੀ ਹੈ। ਐਪਰ ਅਸਲੀ ਰੂਪ ਵਿਚ ਆਦਰਸ਼ ਦੇ ਇਹ ਸਿਧਾਂਤ ਕਿਤੇ ਵੀ ਵੇਖਣ ਵਿਚ ਨਹੀਂ ਆਉਂਦੇ। ਇਹ ਗੱਲ ਕਿ ਸੰਵਿਧਾਨ ਅਧੀਨ ਪਹਿਲਾਂ ਸਥਾਪਤ ਕਾਰਜਾਂ ਤੇ ਸਾਧਨਾਂ ਵਿਚ ਸੰਤੁਲਨ ਬਾਅਦ ਦੇ ਆਰਥਿਕ, ਸਮਾਜਕ, ਟੈਕਨਾਲੋਜੀ ਵਿਕਾਸਾਂ ਕਰਕੇ ਵਿਗੜ ਜਾਂਦਾ ਹੈ, ਵੀ ਕਾਰਜਾਂ ਤੇ ਸਾਧਨਾਂ ਵਿਚ ਖੱਪਾ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਇਹੀ ਕਾਰਣ ਹੈ ਕਿ ਉਨ੍ਹਾਂ ਦੀ ਖਰਚ ਸੰਭਾਵਨਾ ਅਤੇ ਉਨ੍ਹਾਂ ਦੇ ਸੁਤੰਤਰ ਵਿੱਤੀ ਸਾਧਨਾਂ ਵਿਚਕਾਰ ਖੱਪਾ ਇਕ ਅਜੇਹੀ ਗੱਲ ਹੈ ਜੋ ਹਰ ਸੰਘੀ ਰਾਜ ਦੀਆਂ ਇਕਾਈਆਂ ਵਿਚ ਵੇਖਣ ਵਿਚ ਆਉਂਦਾ ਹੈ ਅਤੇ ਭਾਰਤੀ ਸੰਘ ਦੀਆਂ ਇਕਾਈਆਂ ਵੀ ਇਸ ਤੋਂ ਮੁਕਤ ਨਹੀਂ ਹਨ। ਇਸ ਬਾਰੇ ਡੀ. ਆਰ. ਗੈਡਗਿਲ ਆਪਣੀ ਪ੍ਰਸਿੱਧ ਰਚਨਾ '*ਪਲਾਨਿੰਗ ਐਂਡ ਇਕਨਾਮਿਕ ਪਾਲਿਸੀ ਇਨ ਇੰਡੀਆ* ਵਿਚ ਆਖਦਾ ਹੈ, ਸੰਘੀ ਰਾਜਾਂ ਦੇ ਹੋਂਦ ਵਿਚ ਆਉਣ ਸਮੇਂ ਆਮ ਤੌਰ ਤੇ ਸੋਚ ਸਮਝ ਕੇ ਇਹ ਯਤਨ ਕੀਤਾ ਜਾਂਦਾ ਹੈ ਕਿ ਹਰ ਅਧਿਕਾਰ ਦੇ ਕਾਰਜ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਾਧਨਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਪਰੰਤੂ ਸਮਾਂ ਬੀਤਣ ਨਾਲ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੋਵੇਗੀ ਕਿ ਕਾਰਜਾਂ ਦੀ ਵਿਸ਼ਾਲ ਵਿਆਖਿਆ ਕਾਰਨ ਜ਼ਿੰਮੇਵਾਰੀ ਦਾ ਵਿਸਤਾਰ ਆਮਦਨ ਦੇ ਅਲਾਟ ਕੀਤੇ ਸਾਧਨਾਂ ਦੇ ਘਟਾ ਵਧਾ ਨਾਲ ਬਹੁਤ ਜ਼ਰੂਰੀ ਮੇਲ ਪਾਵੇਗਾ। ਇਸ ਤੋਂ ਇਲਾਵਾ ਰਾਜਨੀਤਕ ਅਤੇ ਆਰਥਿਕ ਏਕੀਕਰਨ ਪ੍ਰਤੀ ਝੁਕਾਅ ਮੰਗ ਕਰਦੇ ਹਨ ਕਿ ਮਾਲੀ ਸੰਚਾਲਨ ਦੇ ਕੁਝ ਪੱਖਾਂ ਸਮੇਤ ਬਹੁਤ ਸਾਰੇ ਪੱਖਾਂ ਵਿਚ ਸਮੁੱਚੀਆਂ ਸ਼ਕਤੀਆਂ ਸਰਕਾਰ ਦੁਆਰਾ ਪ੍ਰਾਪਤ ਕੀਤੀਆ ਜਾਣ। ਕੁਝ ਕੁ ਸੰਘ ਸਰਕਾਰਾਂ ਜਿਵੇਂ ਕਿ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਦਾ ਤਜਰਬਾ ਵੀ ਗੱਲ ਸਿੱਧ ਕਰਦਾ ਹੈ ਕਿ ਹੁਣ ਸਥਾਨਕ ਸਰਕਾਰਾਂ ਦੇ ਮੁਕਾਬਲੇ ਵਧੇਰੇ ਝੁਕਾਅ ਕੇਂਦਰ ਵੱਲ ਹੈ।

ਸੰਘ ਰਾਜ ਪ੍ਰਬੰਧ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਸੁਤੰਤਰ ਵਿੱਤੀ ਸਾਧਨਾਂ ਦਾ ਦੋ ਢੰਗਾਂ ਨਾਲ ਪ੍ਰਬੰਧ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚੋਂ ਇਕ ਇਹ ਹੈ ਕਿ ਕਰਬੰਦੀ ਨੂੰ ਸਮਵਰਤੀ ਵਿਸ਼ਾ ਬਣਾ ਦਿੱਤਾ ਜਾਵੇ ਤਾਂ ਜੋਹਰ ਪੱਧਰ ਦੀ ਸਰਕਾਰ ਆਪਣੀਆਂ ਲੋੜਾਂ ਅਨੁਸਾਰ ਟੈਕਸ ਲਗਾਉਣ ਦੇ ਸਮਰੱਥ ਹੋਵੇ। ਦੂਜਾ ਢੰਗ ਇਹ ਹੈ ਕਿ ਕਰਬੰਦੀ ਸਾਧਨਾਂ ਨੂੰ ਕੇਂਦਰੀ ਸਰਕਾਰ ਅਤੇ ਰਾਜਾਂ ਵਿੱਚ ਵੰਡ ਦਿੱਤਾ ਜਾਵੇ। ਭਾਰਤ ਦੇ ਸੰਵਿਧਾਨ ਦੇ ਪਿਛਲੇਰੀ ਵਿਧੀ ਨੂੰ ਅਪਣਾਉਣ ਦੇ ਨਾਲ ਨਾਲ ਸੰਘੀ ਰਾਜ ਸਰਕਾਰਾਂ ਵਿਚਕਾਰ ਟੈਕਸ ਦੀ ਹਿੱਸਾ ਵੰਡ ਪ੍ਰਣਾਲੀ ਨੂੰ ਹੀ ਅਪਣਾਇਆ ਹੈ।

ਸੰਵਿਧਾਨ ਅਧੀਨ ਵਿੱਤ ਸੰਬੰਧ : ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਸਾਧਨਾਂ ਦੀ ਵੰਡ ਇਹ ਬਹੁਤ ਹੀ ਮਹੱਤਵਪੂਰਨ ਸੰਘੀ ਸਮੱਸਿਆ ਹੈ। ਇਹ ਕਹਿਣਾ ਕੋਈ ਵਧਾ ਚੜ੍ਹਾ ਕਹਿਣ ਵਾਲੀ ਗੱਲ ਨਹੀਂ ਕਿ ਦੁਨੀਆਂ ਦੇ ਕਿਸੇ ਵੀ ਫੈਡਰੇਸ਼ਨ ਨੇ ਮੁਸ਼ਕਿਲ ਨਾਲ ਹੀ ਪੂਰਣ ਸਫਲਤਾ ਸਹਿਤ ਇਸ ਸਮੱਸਿਆ ਨੂੰ ਹੱਲ ਕੀਤਾ ਹੋਵੇਗਾ। ਸੰਘ ਅਤੇ ਰਾਜਾਂ ਦੇ ਵਿੱਤੀ ਸਾਧਨਾਂ ਦੀ ਵੰਡ ਦਾ ਨਿਰਧਾਰਨ ਕਰਨ ਲੱਗਿਆਂ ਭਾਰਤੀ ਸੰਵਿਧਾਨ ਦੇ ਨਿਰਮਾਤਾਵਾ ਨੇ ਇਕ ਔਖਾ ਰਾਹ ਚੁਣ ਲਿਆ ਅਤੇ ਉਨ੍ਹਾਂ ਨੇ ਆਮ ਕਰਕੇ ਭਾਰਤ ਸਰਕਾਰ ਐਕਟ 1935 ਵਿਚ ਦਰਜ ਪੈਟਰਨ ਨੂੰ ਅਪਣਾ ਲਿਆ। ਭਾਰਤੀ ਸੰਵਿਧਾਨ ਦੇ ਵਿੱਤੀ ਉਪਬੰਧਾਂ ਦੀਆਂ ਦੋ ਮੁੱਖ ਵਿਸ਼ੇਸ਼ਤਾਈਆਂ ਸੰਘ ਰਾਜ ਕਰਬੰਦੀ ਸ਼ਕਤੀਆਂ ਦੀ ਪੂਰਣ ਅਲਹਿਦਗੀ ਅਤੇ ਉਨ੍ਹਾਂ ਵਿਚਕਾਰ ਟੈਕਸ ਦੀ ਵੰਡ ਹਨ। ਸਮੁੱਚੇ ਕਰਬੰਦੀ ਖੇਤਰ ਨੂੰ ਸੰਘ ਅਤੇ ਰਾਜਾਂ ਵਿਚਕਾਰ ਵੰਡ ਦਿੱਤਾ ਗਿਆ ਹੈ ਤਾਂ ਜੋ ਰਾਜ ਦੁਆਰਾ ਲਗਾਇਆ ਜਾ ਸਕਣ ਵਾਲਾ ਟੈਕਸ ਸੰਘ ਸਰਕਾਰ ਨਾ ਲਗਾ ਸਕੇ ਅਤੇ ਇਸ ਤਰ੍ਹਾਂ ਸਰਕਾਰ ਦੁਆਰਾ ਲਗਾਇਆ ਜਾ ਸਕਣ ਵਾਲਾ ਟੈਕਸ ਰਾਜ ਸਰਕਾਰ ਨਾ ਲਗਾ ਸਕੇ। 1935 ਤੇ ਐਕਟ ਵਿੰਚ ਕੋਈ ਸਮਵਰਤੀ ਕਰਬੰਦੀ ਸ਼ਕਤੀ ਨਹੀਂ ਹੈ, ਪਰੰਤੂ ਇਕ ਉਪਬੰਧ ਹੈ ਕਿ ਕੇਂਦਰ ਰਾਜਾਂ ਦੇ ਲਾਭ ਉਪਰ ਕੁਝ ਨਿਸ਼ਚਿਤ ਟੈਕਸ ਲਗਾ ਅਤੇ ਉਗਰਾਹ ਸਕਦਾ ਹੈ। ਇਹ ਵੀ ਉਪਬੰਧ ਹੈ ਕਿ ਕੁਝ ਕੇਂਦਰੀ ਟੈਕਸਾਂ ਦੀ ਰਾਜਾਂ ਨਾਲ ਹਿੱਸਾ ਵੰਡ ਕੀਤਾ ਜਾਵੇ।

ਜਦੋਂ ਸੰਵਿਧਾਨ ਸਭਾ ਸੰਘ ਰਾਜ ਵਿੱਤ ਸੰਬੰਧਾਂ ਬਾਰੇ ਖਰੜਾ ਸੰਵਿਧਾਨ ਦੇ ਉਪਬੰਧਾ ਤੇ ਵਿਚਾਰ ਵਟਾਂਦਰਾਂ ਕਰ ਰਹੀ ਸੀ ਤਾਂ ਕੁਝ ਮੈਬਰਾਂ ਨੇ ਵਿਧੀ ਖੇਤਰ ਵਿਚ ਰਾਜਾਂ ਦੇ ਖੁਦਮੁਖਤਾਰੀ ਤੇ ਜ਼ੋਰ ਦਿੱਤਾ। ਮਿ. ਵਿਸ਼ਵਨਾਥ ਦਾਸ ਨੇ ਰਾਜਾਂ ਨੂੰ ਕਾਫੀ ਸਾਧਨ ਦੇਣ ਦੀ ਲੋੜ ਤੇ ਬਲ ਦਿੱਤਾ। ਉਸ ਨੇ ਕਿਹਾ ਕਿ "ਪ੍ਰਾਂਤਾਂ ਦੀਆਂ ਲੋੜਾਂ ਲਗਭਗ ਅਸੀਮਤ ਹਨ, ਵਿਸ਼ੇਸ਼ ਕਰਕੇ ਭਲਾਈ ਸੇਵਾਵਾਂ ਅਤੇ ਆਮ ਵਿਕਾਸ ਦੇ ਪੱਖੋਂ ਮਨੁੱਖੀ ਭਲਾਈ ਦੇ ਕਾਰਜਾਂ ਵਿੱਚ ਵਾਧਾ ਕਰਨਾ ਅਤੇ ਦੇਸ਼ ਦੀ ਉਤਪਾਦਨ ਸਮੱਰਥਾ ਵਿਚ ਵਾਧਾ ਕਰਨਾ ਬਹੁਤ ਜ਼ਿਆਦਾ ਇਨ੍ਹਾਂ ਸੇਵਾਵਾਂ ਤੇ ਨਿਰਭਰ ਕਰਦਾ ਹੈ। ਜੋ ਇਨ੍ਹਾਂ ਸੇਵਾਵਾਂ ਦੀ ਉਚਿਤ ਰੂਪ ਵਿਚ ਯੋਜਨਾਬੰਦੀ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਅਸਲੀ ਰੂਪ ਦਿੱਤਾ ਜਾਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਪ੍ਰਾਂਤ ਸਰਕਾਰ ਦੇ ਕਰ ਸਾਧਨ ਉਨ੍ਹਾਂ ਦੀ ਆਪਣੀ ਮਰਜ਼ੀ ਤੇ ਵੱਡੇ ਜਾਣ ਅਤੇ ਉਨ੍ਹਾਂ ਨੂੰ ਕੇਂਦਰ ਦੀ ਪਰਿਵਰਤਨਸ਼ੀਲ ਦਇਆ ਭਾਵਨਾ ਅਤੇ ਬਹੁਤਾਤ ਤੇ ਨਿਰਭਰ ਨਾ ਰਹਿਣਾ ਪਵੇ। ਇਸੇ ਪ੍ਰਕਾਰ ਕੁਝ ਹੋਰ ਮੈਂਬਰਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਰਾਜਾਂ ਨੂੰ ਵਧੇਰੇ ਸੁਤੰਤਰ ਵਿੱਤੀ ਸਾਧਨ ਪ੍ਰਦਾਨ ਕੀਤੇ ਜਾਣ ਤਾਂ ਜੋ ਉਨ੍ਹਾਂ ਦੇ ਵਿੱਤੀ ਸਾਧਨ ਉਨ੍ਹਾਂ ਦੀ ਰਾਸ਼ਟਰ ਨਿਰਮਾਣ ਦੀਆਂ ਜ਼ਿੰਮੇਵਾਰੀਆਂ ਦੇ ਅਨੁਕੂਲ ਹੋ ਸਕਣ। ਭਾਰਤ ਦੇ ਸੰਵਿਧਾਨ ਨੇ ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਸਾਧਨਾਂ ਦੀ ਸਪੱਸ਼ਟ ਵੰਡ ਕੀਤੀ ਹੈ। ਸੱਤਵੀਂ ਅਨੁਸੂਚੀ ਦੀ ਸੂਚੀ 11 ਵਿੱਚ ਆਮਦਨ ਦੀਆਂ 19 ਮੱਦਾਂ ਦਰਜ ਹਨ, ਆਮਦਨ ਦੇ ਇਹ ਸਾਧਨ ਪੂਰਨ ਰੂਪ ਵਿਚ ਰਾਜਾਂ ਨੂੰ ਦਿੱਤੇ ਗਏ ਹਨ। ਉਨ੍ਹਾਂ ਸੰਬੰਧੀ ਰਾਜਾਂ ਨੇ ਹੀ ਟੈਕਸਾਂ ਅਤੇ ਡਿਊਟੀਆਂ ਦੀਆਂ ਦਰਾਂ ਦਾ ਨਿਰਮਾਣ ਕਰਨਾ ਹੈ, ਉਨ੍ਹਾਂ ਨੂੰ ਉਗਰਾਹੁਣਾ ਅਤੇ ਉਨ੍ਹਾਂ ਤੋਂ ਪ੍ਰਾਪਤ ਰਕਮਾਂ ਨੂੰ ਆਪਣੇ ਲਾਭ ਲਈ ਵਰਤਣਾ ਹੈ। ਇਹ 9 ਮੱਦਾਂ ਇਹ ਹਨ :

(I) ਰਾਜ ਦੇ ਆਮਦਨ ਦੇ ਸ੍ਰੋਤ :

1. ਭੌਂ ਮਾਲੀਆ, ਜਿਸ ਵਿਚ ਮਾਲੀਏ ਦਾ ਨਿਰਧਾਰਣ ਤੇ ਉਸ ਰਾਹੀ ਭੌ ਰਿਕਾਰਡ ਦਾ ਰੱਖਣਾ ਮਾਲੀਏ

ਅਤੇ ਹੱਕਾਂ ਦੇ ਰਿਕਾਰਡ ਦੇ ਮੰਤਵਾਂ ਲਈ ਸਰਵੇ ਅਤੇ ਮਾਲੀਏ ਇੰਤਕਾਲ ਸ਼ਾਮਲ ਹਨ

2. ਖੇਤੀ ਬਾੜੀ ਆਮਦਨ ਤੇ ਟੈਕਸ (ਸੂਚੀ ਦੀ ਮੱਦ 47)
3. ਜ਼ਰਾਇਤੀ ਭੌ ਦੇ ਉੱਤਰਾਧਿਕਾਰੀ ਸੰਬੰਧੀ ਕਰ (ਸੂਚੀ ਦੀ ਮੱਦ 47)
4. ਜ਼ਰਾਇਤੀ ਭੌ ਸੰਬੰਧੀ ਮਿਲਖ ਕਰ (ਸੂਚੀ ਦੀ ਮੱਦ 48)
5. ਜ਼ਮੀਨਾਂ ਤੇ ਇਮਾਰਤਾਂ ਤੇ ਟੈਕਸ (ਸੂਚੀ ਦੀ ਮੱਦ 49)
6. ਸੰਸਦ ਦੁਆਰਾ ਖਣਿਜ ਵਿਕਾਸ ਸੰਬੰਧੀ ਕਾਨੂੰਨ ਦੁਆਰਾ ਲਗਾਈ ਕਿਸੇ ਪਾਬੰਦੀ ਦੇ ਅਧੀਨ ਰਹਿੰਦੀਆਂ ਖਣਿਜ ਅਧਿਕਾਰਾਂ ਤੇ ਟੈਕਸ (ਸੂਚੀ ਦੀ ਮੱਦ 50)
7. ਰਾਜ ਵਿਚ ਨਿਰਮਿਤ ਜਾਂ ਉਤਪਾਦਿਤ ਹੇਠਾਂ ਦਰਜ ਮਾਲ ਤੇ ਉਤਪਾਦਨ ਦਰ ਅਤੇ ਭਾਰਤ ਵਿਚ ਕਿਸੇ ਹੋਰ ਸਥਾਨ ਤੇ ਨਿਰਮਿਤ ਜਾਂ ਉਤਪਾਦਿਤ ਹੇਠ ਇਸ ਪ੍ਰਕਾਰ ਦੇ ਮਾਲ ਤੇ ਉਸੇ ਜਾਂ ਘੱਟ ਦਰਾਂ ਤੇ ਸੰਤੁਲਨ ਦਰ (ੳ) ਮਨੁੱਖੀ ਖਪਤ ਲਈ ਅਲਕੋਹਲੀ ਸ਼ਰਾਬ (ਅ) ਅਫੀਮ ਅਤੇ ਹੋਰ ਨਸ਼ੀਲੀ ਦਵਾਈਆਂ ਆਦਿ।
8. ਖਪਤ ਵਰਤੋਂ ਜਾਂ ਵਿਕਰੀ ਲਈ ਸਥਾਨਕ ਖੇਤਰ ਵਿਚ ਮਾਲ ਦੇ ਆਉਣ ਤੇ ਟੈਕਸ (ਮੱਦ 52)
9. ਬਿਜਲੀ ਦੀ ਖਪਤ ਜਾਂ ਵਿਕਰੀ ਤੇ ਟੈਕਸ (ਮੱਦ 53)
10. ਅਖਬਾਰਾਂ ਤੋਂ ਬਿਨਾਂ ਹੋਰ ਮਾਲ ਦੀ ਵਿਕਰੀ ਤੇ ਟੈਕਸ (ਮੱਦ 54)
11. ਅਖਬਾਰਾਂ ਵਿਚ ਪ੍ਰਕਾਸ਼ਤ ਵਿਗਿਆਪਨਾਂ ਅਤੇ ਰੇਡੀਓ ਜਾਂ ਟੈਲੀਵਿਜ਼ਨ ਦੁਆਰਾ ਪ੍ਰਸਾਰਿਤ ਵਿਗਿਆਪਨਾਂ ਤੋਂ ਛੁਟ ਹਰ ਵਿਗਿਆਪਨਾਂ ਤੇ ਟੈਕਸ (ਸੂਚੀ ਦੀ ਮੱਦ 55)
12. ਸੜਕ ਜਾਂ ਅੰਤਰ ਦੇਸ਼ੀ ਜਲ ਮਾਰਗਾਂ ਰਾਹੀ ਲਿਆਏ ਜਾਂਦੇ ਮਾਲ ਅਤੇ ਮੁਸਾਫਰਾਂ ਤੇ ਟੈਕਸ (ਇੰਦਰਾਜ 56)
13. ਸੜਕਾਂ ਤੇ ਚਲਣ ਯੋਗ ਗੱਡੀਆਂ, ਜਿਸ ਵਿਚ ਟ੍ਰਾਮਕਾਰਾਂ ਵੀ ਸ਼ਾਮਿਲ ਹਨ, ਇਹ ਮਸ਼ੀਨਾਂ ਦੁਆਰਾ ਚਲਦੀਆਂ ਹੋਣ ਜਾਂ ਨਾ, ਤੇ ਟੈਕਸ (ਮੱਦ 57)
14. ਪਸ਼ੂਆਂ ਅਤੇ ਕਿਸ਼ਤੀਆਂ ਤੇ ਟੈਕਸ (ਇੰਦਰਾਜ 52)
15. ਟੋਲ ਟੈਕਸ (ਇੰਦਰਾਜ 56)
16. ਪੈਸਿਆਂ, ਵਪਾਰਾਂ, ਕਿੱਤਿਆਂ ਅਤੇ ਰੋਜ਼ਗਾਰ ਦੇ ਟੈਕਸ (ਇੰਦਰਾਜ 60)
17. ਪ੍ਰਤਿ–ਵਿਅਕਤੀ ਟੈਕਸ (ਇੰਦਰਾਜ 61)
18. ਐਸ਼–ਆਰਾਮ ਦੀਆਂ ਵਸਤਾਂ ਤੇ ਟੈਕਸ ਜਿਸ ਵਿਚ ਮਨੋਰੰਜਨ, ਦਿਲ ਪਰਚਾਵਾ, ਸ਼ਰਾਬ ਅਤੇ ਜੂਆ ਸ਼ਾਮਲ ਹਨ (ਇੰਦਰਾਜ 62)
19. ਆਸ਼ਟਾਮ–ਕਰ ਤੇ ਦਰਾਂ ਸੰਬੰਧੀ ਸੂਚੀ। ਉਪਬੰਧਾਂ ਵਿਚ ਦਰਜ ਦਸਤਾਵੇਜ਼ਾਂ ਤੋਂ ਬਿਨਾਂ ਦਸਤਾਵੇਜ਼ਾਂ ਦੇ ਆਸ਼ਟਾਮ ਕਰ ਦੀਆਂ ਦਰਾਂ।

(II)ਕੇਂਦਰ ਦੇ ਆਮਦਨ ਦੇ ਸ੍ਰੋਤ :

(i) ਸੰਘੀ ਸੂਚੀ ਵਿਚ ਕਰਬੰਦੀ ਦੀਆਂ ਬਾਰਾਂ ਮੱਦਾਂ ਹਨ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਮੱਦਾ ਤੋਂ ਆਮਦਨ ਸੰਘ ਨੂੰ ਹੀ ਹੋਵੇ। ਸੰਘੀ ਟੈਕਸਾਂ ਵਿਚ ਕਈ ਪੂਰਣ ਰੂਪ ਵਿਚ ਸੰਘ ਦੇ ਹਨ। ਇਨ੍ਹਾਂ ਤੋਂ ਆਮਦਨ ਭਾਰਤ ਦੇ ਸੰਚਿਤ ਫੰਡ ਦਾ ਭਾਗ ਹੁੰਦਾ ਹੈ ਅਤੇ ਸੰਘ ਦੁਅਰਾ ਨਮਿਤਿਆ ਜਾਂਦਾ ਹੈ। ਸੂਚੀ 1 ਦੀਆਂ 12 ਮੱਦਾਂ ਹਨ।

1. ਜ਼ਰਾਇਤ ਆਮਦਨ ਤੋਂ ਬਿਨਾਂ ਹੋਰ ਆਮਦਨ ਤੇ ਟੈਕਸ (ਮੱਦ ਨੰ. 82)
2. ਸੀਮਾ–ਕਰ ਜਿਸ ਵਿਚ ਨਿਰਯਾਤ ਕਰ ਵੀ ਸ਼ਾਮਿਲ ਹੈ (ਮੱਦ ਨੰ. 83)
3. (ੳ) ਮਨੁੱਖੀ ਖਪਤ ਲਈ ਅਲਕੋਹਲੀ ਸ਼ਰਾਬ (ਅ) ਅਫੀਮ, ਅਤੇ ਹੋਰ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੀਆਂ ਵਸਤਾਂ, ਪਰੰਤੂ ਇਸ ਵਿਚ ਅਲਕੋਹਲ ਜਾਂ ਇਸ ਇੰਦਰਾਜ ਦੇ ਉਪ–ਪੈਰਾ ਵੱਚ ਕੋਈ ਪਦਾਰਥ ਰਖਦੀਆਂ ਔਸ਼ਧੀ ਅਤੇ ਸ਼ਿੰਗਾਰ ਸੰਬੰਧੀ ਵਸਤਾਂ ਸ਼ਾਮਲ ਨਹੀਂ ਹਨ ; ਤੋਂ ਛੁਟ ਤਮਾਕੂ ਅਤੇ ਭਾਰਤ ਵਿਚ ਨਿਰਮਾਣ ਕੀਤੇ ਜਾਂ ਪੈਦਾ ਕੀਤੇ ਜਾਂਦੇ ਹੋਰ ਮਾਲ ਤੇ ਉਤਪਾਦਨ ਕਰ (ਮੱਦ 84)।

4. ਨਿਗਮ ਟੈਕਸ (ਮੱਦ 85)
5. ਜ਼ਰਾਇਤੀ ਜ਼ਮੀਨ ਨੂੰ ਛੱਡ ਕੇ ਵਿਅਕਤੀਆਂ ਅਤੇ ਕੰਪਨੀਆਂ ਦੀਆਂ ਲੈਣਦਾਰੀਆਂ ਦੇ ਪੂੰਜੀਗਤ ਮੁੱਲ ਤੇ ਟੈਕਸ, ਕੰਪਨੀਆਂ ਦੀ ਪੂੰਜੀ ਤੇ ਟੈਕਸ (ਮੱਦ 86)।
6. ਜ਼ਰਾਇਤੀ ਜ਼ਮੀਨ ਤੋਂ ਬਿਨ੍ਹਾਂ ਹੋਰ ਜਾਇਦਾਦਾ ਸੰਬੰਧੀ ਮਿਲਖ ਕਰ (ਮੱਦ 87)।
7. ਜ਼ਰਾਇਤੀ ਜ਼ਮੀਨ ਤੋਂ ਬਿਨ੍ਹਾਂ ਹੋਰ ਜਾਇਦਾਦ ਤੇ ਉੱਤਰਾਧਿਕਾਰੀ ਸੰਬੰਧੀ (ਮੱਦ 88)
8. ਰੇਲ, ਸਮੁੰਦਰੀ ਜਾਂ ਹਵਾਈ ਜਹਾਜ਼ ਦੁਆਰਾ ਲਿਜਾਏ ਜਾਂਦੇ ਮਾਲ ਜਾਂ ਮੁਸਾਫਰਾਂ ਤੇ ਚੁੰਗੀ, ਰੇਲ ਕਿਰਾਏ ਤੇ ਭਾਰ ਤੇ ਟੈਕਸ (ਮੱਦ 89)
9. ਸ਼ੇਅਰ ਬਾਜ਼ਾਰ ਅਤੇ ਸੱਟਾ ਮੰਡੀਆਂ ਵਿਚਲੈਣ ਦੇਣ ਅਸ਼ਟਾਮ-ਕਰ ਤੋਂ ਬਿਨਾਂ ਹੋਰ ਟੈਕਸ।
10. ਹੁੰਡੀਆਂ, ਚੈਕਾਂ, ਪਰਨੋਟਾਂ, ਚਲਾਨ ਪੱਤਰਾਂ, ਬੀਮਾ ਪਾਲਸੀਆਂ, ਸ਼ੇਅਰ ਦੀ ਬਦਲੀ, ਡਿਬੈਚਰਾਂ, ਪ੍ਰਤਿ ਪੱਤਰਾਂ ਅਤੇ ਰਸੀਦਾਂ ਸੰਬੰਧੀ ਅਸ਼ਡਾਮ ਕਰ ਦੇ ਦਰ (ਮੱਦ 19)
11. ਅਖਬਾਰਾਂ ਦੀ ਵਿਕਰੀ ਜਾਂ ਖਰੀਦ ਅਤੇ ਇਨ੍ਹਾਂ ਵਿੱਚ ਪ੍ਰਕਾਸ਼ਤ ਵਿਗਿਆਪਨਾਂ ਤੇ ਟੈਕਸ (ਸੂਚੀ ਦੀ ਮੱਦ 92)।
12. ਅਖਬਾਰਾਂ ਤੋਂ ਬਿਨਾਂ ਮਾਲ ਦੀ ਵਿਕਰੀ ਜਾਂ ਖਰੀਦ ਤੇ ਟੈਕਸ ਜਿਥੇ ਅਜਿਹੀ ਵਿਕਰੀ ਜਾਂ ਖਰੀਦ ਅੰਦਰਰਾਜੀ ਵਪਾਰ ਜਾਂ ਵਣਜ ਦੇ ਦੌਰਾਨ ਹੁੰਦੀ ਹੈ। (ਮੱਦ 92 ੳ)।

ਇਸ ਤੋਂ ਇਲਾਵਾ ਕਰਬੰਦੀ ਦੀ ਬਕਾਇਆ ਸ਼ਕਤੀ ਅਰਥਾਤ ਵਿਸ਼ੇਸ਼ ਰੂਪ ਵਿਚ ਦਰਜ ਨਾ ਕੀਤੀਆਂ ਮੱਦਾਂ ਤੇ ਟੈਕਸ ਲਗਾਉਣ ਦੀ ਸ਼ਕਤੀ ਕੇਂਦਰ ਪਾਸ ਰਹਿਣ ਦਿੱਤੀ ਗਈ ਹੈ। ਦੂਜੇ ਸ਼ਬਦਾਂ ਵਿੱਚ ਰਾਜਾਂ ਨੂੰ ਕਰਬੰਦੀ ਦੀਆਂ ਸ਼ਕਤੀਆਂ ਦੀ ਸੌਂਪਣੀ ਨਿਸ਼ਚਿਤ ਅਤੇ ਨਿਰਧਾਰਿਤ ਹੈ ਜਦੋਂ ਕਿ ਬਾਕੀ ਸਾਰੀਆਂ ਸ਼ਕਤੀਆਂ ਭਾਵੇਂ ਉਹ ਸੰਵਿਧਾਨ ਵਿਚ ਦਰਜ ਹਨ ਜਾਂ ਨਹੀਂ, ਵਾਸਤਵ ਵਿਚ ਕੇਂਦਰ ਪਾਸ ਰਹਿਣ ਦਿੱਤੀਆਂ ਗਈਆਂ ਹਨ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਸੰਘੀ ਸੂਚੀ ਵਿਚ ਦਰਜ ਟੈਕਸ ਮੱਦਾ ਵਿਚੋਂ ਕੇਵਲ ਕੁਝ ਹੀ ਪੂਰਣ ਰੂਪ ਵਿਚ ਕੇਂਦਰ ਨੂੰ ਸੌਪੀਆਂ ਗਈਆਂ ਹਨ। ਇਸ ਦਾ ਭਾਵ ਇਹ ਹੈ ਕਿ ਅਜਿਹੀਆਂ ਟੈਕਸਾਂ ਤੋਂ ਉਗਰਾਹੀ ਸਾਰੀ ਸੰਘੀ ਸਰਕਾਰ ਲਈ ਨਮਿਤ ਜਾਂਦੀ ਹੈ। ਅਜਿਹੇ ਟੈਕਸ ਇਹ ਹਨ ਸੀਮਾ-ਕਰ, ਜਿਸ ਵਿਚ ਨਿਰਯਾਤ ਕਰ ਵੀ ਸ਼ਾਮਲ ਹੈ। ਨਿਗਮ ਟੈਕਸ ਅਤੇ ਜ਼ਰਾਇਤੀ ਭੌ ਛੱਡ ਕੇ ਵਿਅਕਤੀ ਤੇ ਕੰਪਨੀ ਦੇ ਮਿਲਖਾਂ ਦੇ ਪੂੰਜੀਗਤ ਮੁੱਲ ਤੇ ਟੈਕਸ।

ਸੰਘੀ ਸੂਚੀ ਵਿਚ ਕੁਝ ਅਜਿਹੇ ਟੈਕਸ ਵੀ ਦਰਜ ਹਨ ਜਿਨ੍ਹਾਂ ਦੀ ਆਮਦਨ ਵਿਚੋਂ ਰਾਜ ਹਿੱਸਾ ਲੈਂਦੇ ਹਨ ਜਾਂ ਉਹ ਪੂਰਣ ਰੂਪ ਵਿਚ ਰਾਜਾਂ ਨੂੰ ਜਾਂਦੀ ਹੈ। ਉਦਾਹਰਣ ਵਜੋਂ ਆਮਦਨ ਕਰ ਕੇਂਦਰੀ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਅਤੇ ਲਾਇਆ ਜਾਂਦਾ ਹੈ, ਪਰੰਤੂ ਸੰਵਿਧਾਨ ਦੇ ਅਨੁਛੇਦ 270 ਵਿਚ ਉਪਬੰਧ ਕੀਤਾ ਗਿਆ ਹੈ ਕਿ ਕੇਂਦਰ ਨੂੰ ਇਸ ਟੈਕਸ ਦੀ ਨਿਰੋਲ ਆਮਦਨ ਦੀ ਰਾਜਾਂ ਨਾਲ ਹਿੱਸਾ ਵੰਡ ਕਰਨੀ ਚਾਹੀਦੀ ਹੈ। ਐਪਰ ਅਨੁਛੇਦ 271 ਦੁਆਰਾ ਸੰਘੀ ਸਰਕਾਰ ਨੂੰ ਆਮਦਨ ਕਰ ਸਰਚਾਰਜ ਲਗਾਉਣ ਅਤੇ ਇਸ ਨੂੰ ਪੂਰਣ ਰੂਪ ਵਿਚ ਸੰਘ ਦੇ ਮੰਤਵਾਂ ਲਈ ਨਮਿਤਣ ਦਾ ਅਧਿਕਾਰ ਦਿੱਤਾ ਗਿਆ ਹੈ।

ਸੰਘੀ ਟੈਕਸਾਂ ਦਾ ਇਕ ਹੋਰ ਗਰੁੱਪ ਵੀ ਹੈ ਜਿਸ ਦੀ ਸੰਸਦ ਇੱਛਾ ਅਨੁਸਾਰ ਹਿੱਸਾ ਵੰਡ ਸਕਦੀ ਹੈ। ਇਸ ਨੂੰ ਰਾਜਾਂ ਦੁਆਰਾ ਅਗਵਾਈ ਮਮੂਲੀਅਤ ਕਿਹਾ ਜਾਂਦਾ ਹੈ। ਇਸ ਗੱਲ ਦਾ ਫੈਸਲਾ ਕਰਨਾ ਸਰਕਾਰ ਦੀ ਮਰਜ਼ੀ ਤੇ ਛੱਡ ਦਿੱਤਾ ਗਿਆ ਹੈ ਕਿ ਕਿਸੇ ਸੰਘੀ ਉਤਪਾਦਨ ਕਰ ਦੀ ਹਿੱਸਾ ਵੰਡ ਕੀਤੀ ਜਾਵੇ। ਰਾਜਾਂ ਨਾਲ ਹਿੱਸਾ ਵੰਡ ਲਈ ਸਿਧਾਂਤ ਸੰਸਦ ਨੇ ਇਕ ਕਾਨੂੰਨ ਦੁਆਰਾ ਨਿਸ਼ਚਿਤ ਕਰਨੇ ਹੁੰਦੇ ਹਨ।

ਕੇਂਦਰੀ ਟੈਕਸਾਂ ਦੀ ਇਕ ਹੋਰ ਸ਼੍ਰੇਣੀ ਉਹ ਹੈ ਜੋ ਕੇਂਦਰ ਦੁਆਰਾ ਲਗਾਏ ਅਤੇ ਉਗਰਾਹੇ ਜਾਂਦੇ ਨੇ ਪਰ ਜਿਨ੍ਹਾਂ ਦੀ ਸਾਰੀ ਉਗਰਾਹੀ ਸੰਸਦ ਦੁਆਰਾ ਕਾਨੂੰਨ ਪਾਸ ਕਰਕੇ ਨਿਸ਼ਚਿਤ ਕੀਤੇ ਸਿਧਾਂਤ ਅਨੁਸਾਰ ਰਾਜਾਂ ਪਾਸ ਚਲੀ ਜਾਂਦੀ ਹੈ। ਅਜਿਹੇ ਟੈਕਸਾਂ ਵਿੱਚ ਉੱਤਰਾਧਿਕਾਰੀ ਅਤੇ ਮਿਲਖ ਕਰ, ਰੇਲ ਸਮੁੰਦਰੀ ਜਾਂ ਹਵਾਈ ਜਹਾਜ਼

ਰਾਹੀਂ ਲਿਜਾਏ ਜਾਂਦੇ ਮੁਸਾਫਰਾਂ ਤੇ ਮਾਲ ਚੁੰਗੀ, ਰੇਲ ਕਿਰਾਇਆ ਅਤੇ ਭਾੜਾ ਤੇ ਟੈਕਸ, ਸ਼ੇਅਰ ਬਾਜ਼ਾਰਾਂ ਅਤੇ ਮੰਡੀਆਂ ਵਿਚ ਲੈਣ ਦੇਣ ਤੇ ਅਸ਼ਟਾਮ ਕਰ ਤੋਂ ਬਿਨ੍ਹਾਂ ਟੈਕਸ, ਅਖਬਾਰਾਂ ਦੀ ਵਿਕਰੀ ਜਾਂ ਖਰੀਦ ਟੈਕਸ, ਅੰਤਰ ਰਾਜੀ ਵਪਾਰ ਤੋਂ ਵਿਕਰੀ ਜਾਂ ਖਰੀਦ ਟੈਕਸ, ਖਰੀਦ ਟੈਕਸ ਸ਼ਾਮਲ ਸਨ।

ਸੰਘੀ ਟੈਕਸ ਵਿਚ ਅਜਿਹੇ ਟੈਕਸਾਂ ਦੀ ਸ਼੍ਰੇਣੀ ਵੀ ਸ਼ਾਮਲ ਹੈ ਜੋ ਕੇਂਦਰ ਦੁਆਰਾ ਲਗਾਏ ਜਾਣੇ ਹੁੰਦੇ ਹਨ ਰਾਜਾਂ ਦੁਆਰਾ ਉਗਰਾਹੇ ਅਤੇ ਉਨ੍ਹਾਂ ਦੁਆਰਾ ਆਪਣੇ ਮੰਤਵਾਂ ਲਈ ਵਰਤੇ ਜਾਂਦੇ ਹਨ। ਇਹ ਅਸ਼ਟਾਮ ਕਰ ਅਤੇ ਅਲਕੋਹਲ ਰਖਦੀਆਂ ਅਸ਼ੌਧੀਆਂ ਅਤੇ ਸ਼ਿੰਗਾਰ ਵਸਤਾਂ ਦੇ ਉਤਪਾਦਨ ਕਰ ਹਨ।

(ii) **ਉਧਾਰ ਲੈਣ ਦੀ ਸ਼ਕਤੀ** : ਸੰਵਿਧਾਨ ਨੇ ਸੰਘ ਅਤੇ ਰਾਜ ਦੋਵਾਂ ਨੂੰ ਉਧਾਰ ਲੈਣ ਦੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ। ਪਰ ਇਸ ਮਾਮਲੇ ਵਿੱਚ ਦੋਵਾਂ ਨੂੰ ਸਮਾਨ ਪੱਧਰ ਤੇ ਨਹੀਂ ਰੱਖਿਆ ਗਿਆ। ਅਨੁਛੇਦ 592 ਵਿਚ ਉਪਬੰਧ ਹੈ ਕਿ ਸੰਘ ਦੀ ਕਾਰਜਕਾਰੀ ਸ਼ਕਤੀ ਭਾਰਤ ਦੇ ਸੰਚਿਤ ਫੰਡ ਦੀ ਜ਼ਮਾਨਤ ਤੇ ਅਜਿਹੀ ਸੀਮਾ ਦੇ ਅੰਦਰ ਜੇ ਕੋਈ ਹੋਵੇ, ਜੋ ਸੰਸਦ ਦੁਆਰਾ ਕਾਨੂੰਨ ਬਣਾ ਕੇ ਸਮੇਂ ਸਮੇਂ ਸਿਰ ਨਿਸ਼ਚਿਤ ਕੀਤੀਆਂ ਜਾਣ ਤਕ ਵਿਸਤ੍ਰਿਤ ਹੈ। ਇਸ ਦਾ ਭਾਵ ਇਹ ਹੈ ਕਿ ਸੰਘ ਸਰਕਾਰ ਪਾਸ ਕੇਵਲ ਸੰਸਦ ਦੁਆਰਾ ਕਾਨੂੰਨ ਰਾਹੀਂ ਸਮੇਂ ਸਮੇਂ ਸਿਰ ਨਿਸ਼ਚਿਤ ਸੀਮਾਵਾਂ ਦੇ ਅੰਦਰ ਰਹਿੰਦੀਆਂ ਭਾਰਤ ਵਿੱਚ ਅਤੇ ਵਿਦੇਸ਼ਾਂ ਤੋਂ ਉਧਾਰ ਲੈਣ ਦੀਆਂ ਅਸੀਮਿਤ ਸ਼ਕਤੀਆਂ ਹਨ ਪਰੰਤੂ ਅਨੁਛੇਦ 293 ਵਿਚ ਉਪਬੰਧ ਕੀਤਾ ਗਿਆ ਹੈ ਕਿ ਕਿਸੇ ਰਾਜ ਦੀ ਕਾਰਜਕਾਰੀ ਸ਼ਕਤੀ ਰਾਜ ਦੇ ਸੰਚਿਤ ਫੰਡ ਦੀ ਜ਼ਮਾਨਤ ਤੋਂ ਭਾਰਤ ਦੇ ਇਲਾਕੇ ਦੇ ਅੰਦਰ ਉਧਾਰ ਲੈਣ ਤਕ ਸੀਮਿਤ ਹੈ। ਇਸ ਪ੍ਰਕਾਰ ਇਹ ਸਪੱਸ਼ਟ ਹੈ ਕਿ ਰਾਜਾਂ ਨੂੰ ਭਾਰਤ ਤੋਂ ਬਾਹਰ ਕਰਜ਼ੇ ਲੈਣ ਦਾ ਅਧਿਕਾਰ ਨਹੀਂ ਹੈ। ਭਾਰਤ ਦੇ ਅੰਦਰ ਕੋਈ ਰਾਜ ਭਾਰਤ ਸਰਕਾਰ ਤੋਂ ਕਰਜ਼ੇ ਲੈ ਸਕਦਾ ਹੈ ਜਾਂ ਪਬਲਿਕ ਕਰਜ਼ੇ ਪ੍ਰਚਲਿਤ ਕਰ ਸਕਦਾ ਹੈ। ਪਰੰਤੂ ਰਾਜ ਭਾਰਤ ਸਰਕਾਰ ਦੀ ਰਜਾਮੰਦੀ ਤੋਂ ਬਿਨਾਂ ਕਰਜਾ ਨਹੀਂ ਲੈ ਸਕਦਾ ਹੈ ਜੇ ਕਿਸੇ ਅਜਿਹੇ ਕਰਜ਼ੇ ਦਾ ਕੋਈ ਭਾਗ ਬਕਾਇਆ ਹੋਵੇ ਜੋ ਭਾਰਤ ਸਰਕਾਰ ਦੁਆਰਾ ਰਾਜ ਨੂੰ ਦਿੱਤਾ ਗਿਆ ਹੋਵੇ ਜਾਂ ਜਿਸ ਸੰਬੰਧੀ ਭਾਰਤ ਸਰਕਾਰ ਨੇ ਗਰੰਟੀ ਦਿੱਤੀ ਹੋਵੇ।

(iii) **ਅਨੁਦਾਨ (ਗਰਾਂਟਾਂ)** : ਰਾਜਾਂ ਦੇ ਆਮਦਨ ਸਾਧਨ ਬੜੇ ਸੀਮਿਤ ਹਨ ਅਤੇ ਇਨ੍ਹਾਂ ਨਾਲ ਉਹ ਵਿਕਾਸ ਵਾਲੀਆਂ ਯੋਜਨਾਵਾਂ ਨੂੰ ਸਹੀ ਤਰ੍ਹਾਂ ਸਿਰੇ ਨਹੀਂ ਚਾੜ੍ਹ ਸਕਦੇ। ਇਸ ਲਈ ਰਾਜਾਂ ਨੂੰ ਕੇਂਦਰ ਵੱਲੋਂ ਦਿੱਤੀਆਂ ਗਰਾਂਟਾਂ ਤੇ ਨਿਰਭਰ ਹੋਣਾ ਪੈਂਦਾ ਹੈ। ਸਾਰੇ ਰਾਜਾਂ ਦੀਆਂ ਲੋੜਾਂ ਕਦੇ ਵੀ ਇਕਸਾਰ ਨਹੀਂ ਹੁੰਦੀਆਂ, ਪ੍ਰਾਦੇਸ਼ਕ ਅੰਤਰ ਮੌਜੂਦ ਹਨ ਅਤੇ ਕੁਝ ਰਾਜਾਂ ਦੀਆਂ ਆਮਦਨ ਵਿਚ ਸਹਾਇਤਾ ਲਈ ਗਰਾਂਟਾਂ ਦੇਣ ਦਾ ਉਪਬੰਧ ਹੈ। ਗਰਾਂਟਾਂ ਅਨੁਛੇ ਦ 275 ਅਧੀਨ ਅਤੇ ਅਨੁਛੇਦ 282 ਵਿਚ ਦਰਜ ਆਮ ਖਰਚ ਸ਼ਕਤੀ ਅਧੀਨ ਦਿੱਤੀਆਂ ਜਾ ਸਕਦੀਆਂ ਹਨ। ਕਿਸੇ ਰਾਜ ਦੀਆਂ ਆਮਦਨਾਂ ਵਿਚ ਸਹਾਇਤਾ ਗਰਾਂਟਾਂ ਰਾਜਾਂ ਦੇ ਸਾਧਨਾਂ ਵਿੱਚ ਅੰਤਰ ਸੰਤੁਲਨਕਾਰੀ ਸਾਧਨ ਹੈ ਜੋ ਬਹੁ-ਪੱਖੀ ਕਾਰਜ ਵਿਸ਼ੇਸ਼ ਰੂਪ ਨਾਲ ਲੋਕਾ ਦੀ ਭਲਾਈ ਅਤੇ ਵਿਕਾਸ ਦੇ ਖੇਤਰ ਵਿਚ ਸੰਬੰਧਿਤ ਹੈ। ਸਹਾਇਤਾ ਗਰਾਂਟਾਂ ਜਨਰਲ ਅਤੇ ਵਿਸ਼ੇਸ਼ ਹੋ ਸਕਦੀਆਂ ਹਨ। ਆਮਦਨ ਲਈ ਸਹਾਇਤਾ ਗਰਾਂਟਾਂ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ। ਗਰਾਂਟਾਂ ਖਰਚ ਕਰਨ ਦੀ ਆਮ ਸ਼ਕਤੀ ਦੀ ਵਰਤੋਂ ਕਰਦੇ ਹੋਏ ਦਿੱਤੀਆਂ ਜਾ ਸਕਦੀਆਂ ਹਨ ਕਿਸੇ ਪ੍ਰਮਾਣਿਤ ਮੰਤਵ ਲਈ ਦਿੱਤੀਆਂ ਜਾ ਸਕਦੀਆਂ ਹਨ, ਭਾਵੇਂ ਇਹ ਸੰਘ ਦਾ ਵਿਸ਼ਾ ਨਾ ਵੀ ਹੋਵੇ। ਅਨੁਛੇਦ 275 ਵਿਚ ਉਪਬੰਧ ਕੀਤਾ ਗਿਆ ਕਿ ਭਾਰਤ ਦੇ ਸੰਚਿਤ ਫੰਡ ਵਿਚੋਂ ਅਜਿਹੀਆਂ ਰਕਮਾਂ ਦੀ ਅਦਾਇਗੀ ਰਾਜ ਨੂੰ ਰਾਜ ਦੀਆਂ ਆਮਦਨਾਂ ਲਈ ਸਹਾਇਤਾ ਗਰਾਂਟਾਂ ਦੇ ਤੌਰ ਤੇ ਕੀਤੀ ਜਾ ਸਕਦੀ ਹੈ ਜੇ ਸੰਸਦ ਕਿਸੇ ਰਾਜਾਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸਹਾਇਤਾ ਲਈ ਨਿਰਧਾਰਤ ਕਰੇ। ਕਿਸੇ ਸੰਸਦੀ ਕਾਰਵਾਈ ਨਾ ਹੋਣ ਦੀ ਸੂਰਤ ਵਿਚ ਕ੍ਰਮ ਅਨੁਸਾਰ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਵਿਚਾਰ ਕਰਨ ਤੋਂ ਬਾਅਦ ਰਾਸ਼ਟਰਪਤੀ ਇਸ ਸ਼ਕਤੀ ਦੀ ਵਰਤੋ ਕਰ ਸਕਦਾ ਹੈ। ਜਨਰਲ ਸਹਾਇਤਾ ਗਰਾਂਟਾਂ ਤੋਂ ਇਲਾਵਾ ਰਾਜਾਂ ਨੂੰ ਇਸ ਯੋਗ ਬਣਾਉਣ ਲਈ ਵੀ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ ਕਿ ਉਹ ਅਨੁਸੂਚਿਤ ਕਬੀਲਿਆਂ ਦੀ ਭਲਾਈ ਦੇ ਕਾਰਜਾ ਦੇ ਮੰਤਵ

ਲਈ ਜਾਂ ਕਿਸੇ ਰਾਜ ਵਿਚ ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸ਼ਕੀ ਪੱਧਰ ਨੂੰ ਰਾਜ ਦੇ ਬਾਕੀ ਖੇਤਰਾਂ ਦੇ ਬਰਾਬਰ ਕਰਨ ਲਈ ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਉਨ੍ਹਾਂ ਦੁਆਰਾ ਸ਼ੁਰੂ ਕੀਤੀਆਂ ਵਿਕਾਸ ਸਕੀਮਾ ਦੇ ਖਰਚਾਂ ਨੂੰ ਪੂਰਾ ਕਰ ਸਕਣ। ਇਹ ਗਰਾਂਟਾਂ ਰਾਜਾਂ ਤੇ ਕੁਝ ਮਾਤਰਾ ਵਿੱਚ ਸੰਘੀ ਪ੍ਰਭਾਵ ਪਾਉਂਦੀਆਂ ਹਨ ਪਰੰਤੂ ਇਹ ਗੱਲ ਦੱਸਣੀ ਉਚਿਤ ਹੋਵੇਗੀ ਕਿ ਰਾਜਾਂ ਦੀ ਆਮਦਨ ਲਈ ਸਹਾਇਤਾ ਗਰਾਂਟਾਂ ਮੁੱਖ ਰੂਪ ਵਿਚ ਪ੍ਰਦੇਸ਼ਕ ਅੰਤਰਾਂ ਨੂੰ ਖਤਮ ਕਰਨ ਦਾ ਸਾਧਨ ਬਣੀਆਂ ਹਨ। ਅਨੁਛੇਦ 275 (1) ਅਨੁਸਾਰ ਉੜੀਸਾ, ਅਸਾਮ ਅਤੇ ਪੱਛਮੀ ਬੰਗਾਲ ਦੇ ਰਾਜਾਂ ਨੂੰ ਪਟਸਨ ਨਿਰਯਾਤ ਕਰਨ ਬਦਲੇ ਗਰਾਂਟਾਂ ਮਿਲਦੀਆਂ ਹਨ।

ਸੰਕਟਕਾਲੀ ਉਪਬੰਧ ਅਤੇ ਕੇਂਦਰ-ਰਾਜ ਵਿੱਤ ਸੰਬੰਧ

ਭਾਰਤ ਦੇ ਸੰਵਿਧਾਨ ਵਿਚ ਸੰਕਟਕਾਲੀ ਉਪਬੰਧ ਹਨ ਜਿਨ੍ਹਾਂ ਅਧੀਨ ਰਾਜਾਂ ਦੀ ਵਿੱਤੀ ਖੁਦਮੁਖਤਾਰੀ ਨੂੰ ਅਰਜ਼ੀ ਤੌਰ ਤੇ ਸੀਮਿਤ ਕੀਤਾ ਜਾ ਸਕਦਾ ਹੈ ਅਤੇ ਰਾਜਾਂ ਦੀ ਆਮਦਨ ਦੇ ਕੁਝ ਸਾਧਨਾਂ ਨੂੰ ਵਿਸ਼ੇਸ਼ ਕੰਟਰੋਲ ਅਧੀਨ ਲਿਆਂਦਾ ਜਾ ਸਕਦਾ ਹੈ। ਅਨੁਛੇਦ 354 ਵਿੱਚ ਉਪਬੰਧ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਸੰਕਟ ਕਾਲ ਦੀ ਘੋਸ਼ਣਾ ਦੇ ਚਾਲੂ ਰਹਿਣ ਦੇ ਦੌਰਾਨ ਹੁਕਮ ਦੇ ਕੇ ਹਦਾਇਤਾ ਕਰ ਸਕਦਾ ਹੈ ਕਿ ਅਨੁਛੇਦ 268 ਤੋਂ 279 ਤੱਕ ਦੇ ਸਾਰੇ ਜਾਂ ਇਨ੍ਹਾਂ ਵਿੱਚੋਂ ਕੋਈ ਉਪਬੰਧ ਅਜੇਹੇ ਸਮੇਂ ਲਈ ਪ੍ਰਭਾਵੀ ਹੋਵੇਗਾ ਜੋ ਕਿਸੇ ਤਰ੍ਹਾਂ ਵੀ ਉਸ ਵਿੱਤੀ ਸਾਲ ਦੇ ਖਾਤਮੇ ਤੋਂ ਵਧੇਰੇ ਸਮੇਂ ਲਈ ਨਾ ਹੋਵੇ ਜਿਸ ਵਿਚ ਅਜਿਹੀ ਘੋਸ਼ਣਾ ਖਤਮ ਹੋ ਜਾਂਦੀ ਹੈ ਜੋ ਕਿ ਹੁਕਮ ਵਿਚ ਦਰਜ ਕੀਤਾ ਜਾਵੇ ਅਜਿਹੀਆਂ ਛੋਟਾ ਜਾਂ ਸੋਧਾਂ ਦੀ ਸ਼ਰਤ ਅਧੀਨ ਰਹਿੰਦੀਆਂ, ਜੇ ਉਹ ਉਚਿਤ ਸਮਝੇ। ਸੰਵਿਧਾਨ ਦੇ ਅਨੁਛੇਦ 360 ਰਾਹੀਂ ਉਪਬੰਧ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਨੂੰ ਤਸੱਲੀ ਹੋ ਜਾਵੇ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜਿਸ ਦੁਆਰਾ ਵਿੱਤੀ ਸਥਿਰਤਾ ਜਾਂ ਭਾਰਤ ਦੀ ਸਾਖ ਜਾਂ ਉਸ ਦੇ ਇਲਾਕੇ ਦੇ ਕਿਸੇ ਭਾਗ ਨੂੰ ਖਤਰਾ ਹੈ ਤਾਂ ਉਹ ਘੋਸ਼ਣਾ ਰਾਹੀਂ ਇਸ ਸੰਬੰਧੀ ਐਲਾਨ ਕਰ ਸਕਦਾ ਹੈ। ਇਹ ਵੀ ਉਪਬੰਧ ਕੀਤਾ ਗਿਆ ਹੈ ਕਿ ਘੋਸ਼ਣਾ ਦੇ ਚਾਲੂ ਰਹਿਣ ਦੇ ਦੌਰਾਨ ਸੰਘ ਦੀ ਕਾਰਜਕਾਰੀ ਸ਼ਕਤੀ ਕਿਸੇ ਰਾਜ ਨੂੰ ਹਦਾਇਤਾਂ ਵਿਚ ਦਰਜ ਵਿੱਤੀ ਉਚਿਤਤਾ ਦੇ ਅਸੂਲਾਂ ਦੀ ਪਾਲਣਾ ਕਰਨ ਦੀ ਹਦਾਇਤ ਜਾਰੀ ਕਰਨ ਅਤੇ ਅਜਿਹੀਆਂ ਹੋਰ ਹਦਾਇਤਾਂ ਦੇਣ ਤਕ ਜੇ ਰਾਸ਼ਟਰਪਤੀ ਜ਼ਰੂਰੀ ਸਮਝੇ, ਅਤੇ ਇਸ ਮੰਤਵ ਲਈ ਉਚਿਤ ਸਮਝੇ, ਤਕ ਵਿਸਤ੍ਰਿਤ ਹੋਵੇਗੀ। ਇਨ੍ਹਾਂ ਹਦਾਇਤਾਂ ਵਿਚ ਰਾਜ ਦੇ ਕਰਮਚਾਰੀਆਂ ਦੀਆਂ ਸਾਰੀਆਂ ਜਾਂ ਕਿਸੇ ਸ਼੍ਰੇਣੀ ਵਿਚ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜ ਵੀ ਸ਼ਾਮਿਲ ਹਨ, ਦੀਆਂ ਤਨਖਾਹਾਂ ਅਤੇ ਭੱਤਿਆਂ ਨੂੰ ਘੱਟ ਕਰਨ ਲਈ ਅਤੇ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਧਨ ਬਿਲ ਉਸ ਦੁਆਰਾ ਵਿਚਾਰ ਕਰਨ ਲਈ ਪੇਸ਼ ਕਰਨ ਦੀ ਮੰਗ ਕੀਤੀ ਜਾ ਸਕਦੀ ਹੈ। ਭਾਰਤ ਵਿਚ ਭਾਵੇਂ ਵਿੱਤੀ ਸੰਕਟ ਸਮੇਂ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦਾ ਪ੍ਰਬੰਧ ਸੰਵਿਧਾਨ ਵਿਚ ਕੀਤਾ ਹੋਇਆ ਹੈ। ਪਰ ਅਜ ਤਕ ਇਸ ਸ਼ਕਤੀ ਦੀ ਵਰਤੋਂ ਨਹੀਂ ਕੀਤੀ ਗਈ।

ਕੇਂਦਰ ਅਤੇ ਰਾਜਾਂ ਦਰਮਿਆਨ ਭਾਵੇਂ ਵਿੱਤੀ ਸੋਮਿਆਂ ਦੀ ਵੰਡ ਕਰ ਦਿੱਤੀ ਗਈ ਹੈ। ਪਰ ਕੇਂਦਰ ਨੂੰ ਵਧੇਰੇ ਵਿੱਤੀ ਸ਼ਕਤੀਆਂ ਅਤੇ ਸੋਮੇਂ ਪ੍ਰਾਪਤ ਹੋਣ ਕਾਰਨ ਰਾਜਾਂ ਦੀ ਸਮੱਸਿਆਵਾਂ ਬਣੀਆਂ ਰਹਿੰਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਵੀ ਕਿਹਾ ਜਾ ਸਕਦਾ ਹੈ ਕਿ ਯੋਜਨਾਬੰਦੀ ਦੇ ਸਾਰੇ ਕਾਰਜਕ੍ਰਮ ਲਾਗੂ ਤਾਂ ਰਾਜ ਸਰਕਾਰਾਂ ਨੇ ਕਰਨੇ ਹੁੰਦੇ ਹਨ ਪਰ ਉਹਨਾਂ ਕੋਲ ਵਿੱਤ ਦੀ ਘਾਟ ਹੋਣ ਕਾਰਨ ਅਜਿਹਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਸ ਕਾਰਨ ਕੇਂਦਰ ਉਪਰ ਗ੍ਰਾਂਟਾਂ ਅਤੇ ਕਰਜ਼ੇ ਲੈਣ ਕਾਰਨ ਅਤਿਅਧਿਕ ਨਿਰਭਰਤਾ ਵੱਧ ਜਾਂਦੀ ਹੈ। ਉਹ ਰਾਜ ਹੋਰ ਵੀ ਵਧੇਰੇ ਮੁਸ਼ਕਿਲਾਂ ਦਾ ਸਾਹਮਣਾਂ ਕਰਦੇ ਹਨ ਜਿਨ੍ਹਾਂ ਵਿਚ ਸਰਕਾਰ ਕੇਂਦਰ ਤੋਂ ਦੂਜੀ ਪਾਰਟੀ ਦੀ ਸਰਕਾਰ ਹੋਵੇ ਕਿਉਂਕਿ ਅਜਿਹੀ ਸਥਿਤੀ ਵਿਚ ਕੇਂਦਰ ਉਹਨਾਂ ਨਾਲ ਵਿਤਕਰਾ ਕਰਦਾ ਹੈ। ਭਾਰਤੀ ਵਿੱਤ ਕਮਿਸ਼ਨ ਵੀ ਦੋਹਾਂ ਦਰਮਿਆਨ ਵਿੱਤ ਦੇ ਸੋਮੇ ਵੰਡਣ ਲਈ ਜ਼ਿੰਮੇਵਾਰ ਹੈ ਪਰ ਜ਼ਿਆਦਾਤਰ ਰਾਜ ਉਸ ਦੁਆਰਾ ਅਪਣਾਏ ਗਏ ਸਿਧਾਂਤ ਤੋਂ ਨਾਖੁਸ਼ ਹੀ ਹਨ। ਇਸ ਤਰ੍ਹਾਂ ਆਪਾਂ ਕਹਿ ਸਕਦੇ ਹਾਂ ਕਿ ਭਾਵੇਂ ਭਾਰਤੀ ਸੰਵਿਧਾਨ ਨੇ ਹੀ ਇਹ ਵਿਵਸਥਾ ਕਰ ਦਿੱਤੀ ਸੀ ਪਰ ਫਿਰ ਵੀ ਦੋਹਾਂ ਵਿਚ ਆਪਸੀ ਮਤਭੇਦ ਬਰਕਰਾਰ ਹਨ ਅਤੇ ਰਾਜ ਸਰਕਾਰਾਂ ਹਮੇਸ਼ਾ ਹੀ ਕੇਂਦਰ ਤੋਂ ਵਧੇਰੇ ਵਿੱਤ ਦੇ ਸੋਮਿਆਂ ਦੀ ਮੰਗ ਕਰ ਰਹੀਆਂ ਹਨ।

Type Setting :
Department of Distance Education, Punjabi University, Patiala.